ਕੈਲੀਫੋਰਨੀਆ Medi-Cal ਡੈਂਟਲ ਸੇਵਾਵਾਂ

2018 ਲਾਭਪਾਤਰੀ ਹੈਂਡਬੁੱਕ

ਡਿਪਾਰਟਮੈਂਟ ਔਫ ਹੈਲਥ ਕੇਅਰ ਸਰਵਿਸਿਜ਼

Denti-Cal

ਜਾਣ-ਪਛਾਣ 1

ਸਾਨੂੰ ਸੰਪਰਕ ਕਿਵੇਂ ਕਰਨਾ ਹੈ 3

ਭਾਸ਼ਾ ਸਹਾਇਤਾ 4

DENTI-CAL ਵੈੱਬਸਾਈਟ 5

MEDI-CAL ਦੇ ਅਧੀਨ ਡੈਂਟਲ ਸੇਵਾਵਾਂ ਦੀ ਵਰਤੋਂ ਕਰਨਾ 6

DENTI-CAL ਲਾਭ 6

DENTI-CAL ਦੰਦਾਂ ਦਾ ਡਾਕਟਰ 9

ਡੈਂਟਲ ਦੇਖਭਾਲ ਪ੍ਰਾਪਤ ਕਰਨਾ 11

ਡੈਂਟਲ ਸੇਵਾਵਾਂ ਦੀ ਲਾਗਤ 15

ਆਵਾਜਾਈ ਅਤੇ ਹੋਰ ਸੇਵਾਵਾਂ 19

ਸ਼ਿਕਾਇਤ ਪ੍ਰਕਿਰਿਆ 21

ਸਟੇਟ ਹੀਅਰਿੰਗ ਪ੍ਰਕਿਰਿਆ 29

ਡੈਂਟਲ ਸ਼ਰਤਾਂ ਅਤੇ ਹੋਰ ਪਰਿਭਾਸ਼ਾਵਾਂ 30

ਤੁਹਾਡੇ ਅਧਿਕਾਰ ਅਤੇ ਜ਼ੁੰਮੇਵਾਰੀਆਂ 34

ਤੁਹਾਡੀ ਗੋਪਨੀਯਤਾ ਸਾਡੇ ਲਈ ਮਹੱਤਵਪੂਰਨ ਹੈ 36

ਜਾਣ-ਪਛਾਣ

ਇਹ ਕਿਤਾਬਚਾ ਤੁਹਾਨੂੰ ਤੁਹਾਡੇ ਡੈਂਟਲ ਲਾਭਾਂ ਬਾਰੇ ਸੂਚਿਤ ਕਰੇਗਾ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਹ ਜਾਣੋ ਕਿ ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ ਅਤੇ ਤੁਸੀਂ ਦੰਦਾਂ ਦੀ ਦੇਖਭਾਲ ਕਿਵੇਂ ਪ੍ਰਾਪਤ ਕਰ ਸਕਦੇ ਹੋ। ਇਸ ਹੈਂਡਬੁੱਕ ਨੂੰ ਆਪਣੇ ਕੋਲ ਰੱਖੋ ਤਾਂ ਜੋ ਬਾਅਦ ਵਿੱਚ ਤੁਹਾਡੇ ਸਵਾਲ ਹੋਣ 'ਤੇ ਤੁਸੀਂ ਇਸ ਦੀ ਦੁਬਾਰਾ ਸਮੀਖਿਆ ਕਰ ਸਕੋਂ।

ਕੈਲੀਫੋਰਨੀਆ Medi-Cal ਡੈਂਟਲ ਪ੍ਰੋਗਰਾਮ (Denti-Cal)

Medi-Cal ਕੈਲੀਫੋਰਨੀਆ ਦੇ ਯੋਗ ਵਸਨੀਕਾਂ ਲਈ ਡੈਂਟਲ ਲਾਭਾਂ ਸਮੇਤ ਮੁਫ਼ਤ ਜਾਂ ਘੱਟ-ਲਾਗਤ ਵਾਲੀ ਸਿਹਤ ਸੰਭਾਲ ਦੀ ਪੇਸ਼ਕਸ਼ ਦਿੰਦਾ ਹੈ। ਡੈਂਟਲ ਲਾਭ Medi-Cal ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ, ਜਿਸ ਨੂੰ Denti-Cal ਵਜੋਂ ਵੀ ਜਾਣਿਆ ਜਾਂਦਾ ਹੈ। ਤੁਹਾਨੂੰ ਡੈਂਟਲ ਸੇਵਾਵਾਂ ਲੈਣ ਲਈ ਆਪਣੇ ਡੈਂਟਲ ਪ੍ਰਦਾਤਾ ਨੂੰ ਆਪਣਾ Medi-Cal ਲਾਭਾਂ ਦਾ ਪਛਾਣ ਕਾਰਡ (BIC) ਪ੍ਰਦਾਨ ਕਰਨਾ ਪਵੇਗਾ। ਤੁਹਾਨੂੰ Denti-Cal ਲਈ ਵੱਖਰੇ ਤੌਰ 'ਤੇ ਅਪਲਾਈ ਕਰਨ ਦੀ ਲੋੜ ਨਹੀਂ ਹੈ। ਡੈਂਟਲ ਸਿਹਤ ਸਮੁੱਚੀ ਸਿਹਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ। Denti-Cal ਪ੍ਰੋਗਰਾਮ ਤੁਹਾਡੇ ਦੰਦਾਂ ਨੂੰ ਸਿਹਤਮੰਦ ਰੱਖਣ ਲਈ ਕਈ ਸੇਵਾਵਾਂ ਨੂੰ ਕਵਰ ਕਰਦਾ ਹੈ। ਤੁਸੀਂ Denti-Cal ਲਾਭਾਂ ਦਾ ਵੱਧ ਤੋਂ ਵੱਧ ਲਾਹਾ ਲੈ ਸਕਦੇ ਹੋ ਜਦੋਂ ਤੁਸੀਂ:

- ਤੁਹਾਨੂੰ ਲੋੜੀਂਦੀਆਂ ਕਵਰ ਕੀਤੀਆਂ ਸੇਵਾਵਾਂ ਨੂੰ ਪ੍ਰਾਪਤ ਕਰਨ ਲਈ Denti-Cal ਦੰਦਾਂ ਦੇ ਡਾਕਟਰ ਨੂੰ ਦੇਖਦੇ ਹੋ
- ਆਪਣੇ Denti-Cal ਦੰਦਾਂ ਦੇ ਡਾਕਟਰ ਨੂੰ ਨਿਯਮਿਤ ਆਧਾਰ 'ਤੇ ਦੇਖਦੇ ਹੋ, ਭਾਵੇਂ ਕਿ ਤੁਹਾਨੂੰ ਆਪਣੇ ਦੰਦਾਂ ਨਾਲ ਸਬੰਧਿਤ ਕੋਈ ਸਮੱਸਿਆ ਨਹੀਂ ਹੁੰਦੀ ਹੈ
- ਆਪਣੇ Denti-Cal ਦੰਦਾਂ ਦੇ ਡਾਕਟਰ ਦੀ ਸਲਾਹ ਮੰਨੋ (ਜਿਵੇਂ ਕਿ ਬੁਰਸ਼ ਕਰਨਾ ਅਤੇ ਫਲੋਸਿੰਗ)

ਜੇਕਰ ਤੁਸੀਂ ਸੈਕਰਾਮੈਂਟੋ ਕਾਉਂਟੀ ਵਿੱਚ ਰਹਿੰਦੇ ਹੋ, ਤਾਂ ਤੁਹਾਨੂੰ ਡੈਂਟਲ ਮੈਨੇਜਡ ਕੇਅਰ (DMC) ਵਿੱਚ ਦਾਖ਼ਲ ਕੀਤਾ ਜਾਵੇਗਾ ਅਤੇ ਤੁਹਾਡੇ ਡੈਂਟਲ ਮੈਨੇਜ਼ਡ ਕੇਅਰ ਪਲਾਨ ਦੇ ਨੈੱਟਵਰਕ ਵਿੱਚ ਕਿਸੇ ਦੰਦਾਂ ਦੇ ਡਾਕਟਰ ਨੂੰ ਨਿਯੁਕਤ ਕੀਤਾ ਜਾਵੇਗਾ। ਜੇਕਰ ਤੁਸੀਂ ਲਾਸ ਏਂਜਲਸ ਕਾਉਂਟੀ ਵਿੱਚ ਰਹਿੰਦੇ ਹੋ, ਤਾਂ ਤੁਸੀਂ DMC ਜਾਂ Denti-Cal ਵਿੱਚ ਰਹਿਣਾ ਚੁਣ ਸਕਦੇ ਹੋ। ਜੇਕਰ ਤੁਸੀਂ DMC ਵਿੱਚ ਦਾਖ਼ਲ ਹੁੰਦੇ ਹੋ, ਤਾਂ ਤੁਹਾਡੇ ਵੱਲੋਂ ਚੁਣਿਆ ਪਲਾਨ ਤੁਹਾਨੂੰ ਇੱਕ ਡੈਂਟਲ ਕਾਰਡ ਅਤੇ ਤੁਹਾਡੇ ਲਾਭ ਸਬੰਧੀ ਜਾਣਕਾਰੀ ਭੇਜੇਗਾ। ਬਾਕੀ ਸਾਰੇ ਦੇਸ਼ਾਂ ਵਿੱਚ, ਤੁਸੀਂ ਆਪਣੇ Medi-Cal ਲਾਭਪਾਤਰੀ ਪਛਾਣ ਕਾਰਡ ਨੂੰ ਵਰਤ ਕੇ ਡੈਂਟਲ ਦੇਖਭਾਲ ਲੈ ਸਕਦੇ ਹੋ ਅਤੇ ਤੁਸੀਂ ਆਪਣੇ ਖੁਦ ਦੇ ਦੰਦਾਂ ਦੇ ਡਾਕਟਰ ਨੂੰ ਚੁਣ ਸਕਦੇ ਹੋ, ਜੇਕਰ ਉਸ ਦੀ ਨਾਮਜ਼ਦਗੀ Denti-Cal ਪ੍ਰੋਗਰਾਮ ਵਿੱਚ ਹੈ।

ਹੈਂਡਬੁੱਕ ਦੀ ਵਰਤੋਂ ਕਿਵੇਂ ਕਰਨੀ ਹੈ

ਕਿਰਪਾ ਕਰਕੇ ਇਸ ਲਾਭਪਾਤਰੀ ਹੈੱਡਬੁੱਕ ਨੂੰ ਮੁਕੰਮਲ ਅਤੇ ਧਿਆਨ ਨਾਲ ਪੜ੍ਹੋ। ਇਸ ਵਿੱਚ ਦੱਸਿਆ ਗਿਆ ਹੈ ਕਿ Denti-Cal ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ। ਇਸ ਹੈਂਡਬੁੱਕ ਵਿੱਚ ਹੇਠ ਲਿਖਿਆ ਬਾਰੇ ਮਹੱਤਵਪੂਰਨ ਜਾਣਕਾਰੀ ਸ਼ਾਮਲ ਹੈ:

- ਡੈਂਟਲ ਸੇਵਾਵਾਂ Medi-Cal ਵੱਲੋਂ ਕਵਰ ਕੀਤੀਆਂ ਜਾਂਦੀਆਂ ਹਨ
- ਡੈਂਟਲ ਦੇਖਭਾਲ ਕਿਵੇਂ ਲਈਏ
- ਹੋਰ ਭਾਸ਼ਾਵਾਂ ਵਿੱਚ ਮਦਦ ਕਿਵੇਂ ਲਈਏ
- ਤੁਹਾਡੇ ਅਧਿਕਾਰ ਅਤੇ ਜ਼ੁੰਮੇਵਾਰੀਆਂ
- ਸ਼ਿਕਾਇਤ ਕਿਵੇਂ ਕਰੀਏ
- Medi-Cal ਦੇ ਅਧੀਨ ਡੈਂਟਲ ਸੇਵਾਵਾਂ ਦੇ ਬਾਰੇ ਹੋਰ ਮਹੱਤਵਪੂਰਨ ਜਾਣਕਾਰੀ

ਇਸ ਹੈਂਡ ਵਿੱਚ ਕੁਝ ਸ਼ਰਤਾਂ ਵਰਤੀਆਂ ਗਈਆਂ ਹਨ ਜਿੰਨ੍ਹਾਂ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ:

Denti-Cal	Medi-Cal ਡੈਂਟਲ ਸੇਵਾ-ਲਈ-ਫੀਸ ਪ੍ਰੋਗਰਾਮ
ਤੁਸੀਂ, ਤੁਹਾਡਾ. ਮੇਰਾ, ਮੈਂ, ਲਾਭਪਾਤਰੀ	Medi-Cal ਡੈਂਟਲ ਲਾਭਾਂ ਲਈ ਯੋਗ ਵਿਅਕਤੀ ਜਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀ।
ਅਸੀਂ, ਸਾਡੇ, ਸਾਡਾ	Denti-Cal ਨੂੰ ਦੇਖੋ
ਤੁਹਾਡਾ ਦੰਦਾਂ ਦਾ ਡਾਕਟਰ	ਆਪਣੀ ਡੈਂਟਲ ਦੇਖਭਾਲ ਲਈ ਤੁਹਾਡੇ ਵੱਲੋਂ ਚੁਣਿਆ Denti-Cal ਦੰਦਾਂ ਦਾ ਡਾਕਟਰ

ਕਿਰਪਾ ਕਰਕੇ ਪੰਨੇ 30 'ਤੇ "**ਡੈਂਟਲ ਸ਼ਰਤਾਂ ਅਤੇ ਹੋਰ ਪਰਿਭਾਸ਼ਾਵਾਂ**" ਨੂੰ ਪੜ੍ਹੋ। ਇਸ ਬਹੁਤ ਸਾਰੇ ਅਜਿਹੇ ਸ਼ਬਦਾਂ ਬਾਰੇ ਦੱਸਿਆ ਗਿਆ ਹੈ ਜਿੰਨ੍ਹਾਂ ਦੇ Denti-Cal ਪ੍ਰੋਗਰਾਮ ਦੇ ਅਧੀਨ ਵਿਸ਼ੇਸ਼ ਜਾਂ ਤਕਨੀਕੀ ਮਤਲਬ ਹਨ।

ਸਾਨੂੰ ਸੰਪਰਕ ਕਿਵੇਂ ਕਰਨਾ ਹੈ

ਟੈਲੀਫ਼ੋਨ ਸੇਵਾ ਕੇਂਦਰ

ਟੈਲੀਫ਼ੋਨ ਸੇਵਾ ਕੇਂਦਰ (TSC) ਆਪਰੇਟਰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ ਤੁਹਾਡੀ ਮਦਦ ਕਰਨ ਲਈ ਮੌਜੂਦ ਹੁੰਦੇ ਹਨ। TSC ਰਾਜ ਦੀਆਂ ਛੁੱਟੀਆਂ ਕਰਕੇ ਬੰਦ ਹੈ। ਜੇਕਰ ਤੁਹਾਡੇ ਕੋਈ ਅਜਿਹੇ ਸਵਾਲ ਹਨ ਜਿੰਨ੍ਹਾਂ ਦਾ ਜਵਾਬ ਇਸ ਕਿਤਾਬਚੇ ਵਿੱਚ ਨਹੀਂ ਦਿੱਤੇ ਗਏ, ਤਾਂ ਕਿਰਪਾ ਸਾਨੂੰ ਇੱਥੇ ਕਾਲ ਕਰੋ:

Denti-Cal ਟੈਲੀਫ਼ੋਨ ਸੇਵਾ ਕੇਂਦਰ:
1-800-322-6384

ਟੈਲੀਟੈਕਸਟ ਟਾਈਪਰਾਈਟਰ (TTY):
1-800-735-2922

ਕਾਲ ਮੁਫ਼ਤ ਹੈ। TSC ਸਟਾਫ਼ ਤੁਹਾਡੇ ਕਿਸੇ ਵੀ ਅਜਿਹੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਜੋ ਤੁਹਾਡੇ ਦੰਦਾਂ ਦੇ ਡਾਕਟਰ ਕੋਲ ਜਾਣ ਸਬੰਧੀ ਹਨ। ਉਹ ਹੇਠ ਲਿਖਿਆਂ ਨਾਲ ਤੁਹਾਡੀ ਮਦਦ ਕਰ ਸਕਦੇ ਹਨ:

- ਕਿਸੇ Denti-Cal ਦੰਦਾਂ ਦੇ ਡਾਕਟਰ ਜਾਂ ਕਲੀਨਿਕ ਨੂੰ ਲੱਭਣਾ
- ਆਮ Denti-Cal ਪ੍ਰੋਗਰਾਮ ਸਬੰਧੀ ਸਵਾਲ
- ਮਨਜ਼ੂਰ ਜਾਂ ਇਨਕਾਰ ਕੀਤੀਆਂ ਸੇਵਾਵਾਂ ਦੇ ਬਾਰੇ ਜਾਣਕਾਰੀ
- ਵਿਆਖਿਆਤਮਕ ਸੇਵਾਵਾਂ ਦੀ ਉਪਲਬਧਤਾ
- ਕਵਰ ਕੀਤੇ ਡੈਂਟਲ ਲਾਭਾਂ ਲਈ ਲਾਗਤ ਅਤੇ ਸਹਿ-ਭੁਗਤਾਨਾਂ ਦੇ ਹਿੱਸੇ ਬਾਰੇ ਜਾਣਕਾਰੀ। ਕਿਸੇ ਕਲੀਨੀਕਲ ਸਕ੍ਰੀਨਿੰਗ ਮੁਲਾਕਾਤ ਨੂੰ ਨਿਯਤ ਕਰਨਾ ਅਤੇ ਮੁੜ-ਨਿਯਤ ਕਰਨਾ
- ਸ਼ਿਕਾਇਤਾਂ ਅਤੇ ਅਪੀਲਾਂ

ਮੈਨੂੰ TSC ਤੋਂ ਕਿਹੜੀ ਜਾਣਕਾਰੀ ਮਿਲ ਸਕਦੀ ਹੈ?

ਜਦੋਂ ਤੁਸੀਂ TSC ਨੂੰ ਕਾਲ ਕਰੋਂਗੇ, ਤਾਂ ਤੁਸੀਂ ਸਵੈਚਾਲਿਤ ਟੈਲੀਫ਼ੋਨ ਸਿਸਟਮ ਨਾਲ ਕਨੈਕਟ ਹੋ ਜਾਵੋਂਗੇ। ਤੁਸੀਂ ਵਿਕਲਪਾਂ ਦੇ ਮੀਨੂ ਵਿੱਚੋਂ ਚੁਣੋਂਗੇ।

ਤੁਸੀਂ ਇਹਨਾਂ ਬਾਰੇ ਆਮ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- ਕਵਰ ਕੀਤੇ ਲਾਭ
- ਰਾਜ ਪੱਧਰੀ ਸੁਣਵਾਈ ਲਈ ਕਿਵੇਂ ਫ਼ਾਈਲ ਕਰਨਾ ਹੈ
- ਆਪਣੇ ਡੈਂਟਲ ਰਿਕਾਰਡਾਂ ਦੀਆਂ ਕਾਪੀਆਂ ਲਈ ਬੇਨਤੀ ਕਰੋ
- ਸ਼ੱਕੀ Medi-Cal ਧੋਖਾਧੜੀ ਦੀ ਰਿਪੋਰਟ ਕਰਨਾ

ਤੁਸੀਂ TSC ਸਟਾਫ਼ ਨਾਲ ਵੀ ਗੱਲ ਕਰ ਸਕਦੇ ਹੋ।

Denti-Cal ਟੈਲੀਫ਼ੋਨ ਸੇਵਾ ਕੇਂਦਰ ਨੂੰ ਕਾਲ ਕਰਨ ਦਾ ਸਰਵੋਤਮ ਸਮਾਂ ਕੀ ਹੈ?

Denti-Cal TSC ਨੂੰ ਕਾਲ ਕਰਨ ਦਾ ਸਰਵੋਤਮ ਸਮਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਦੇ ਵਿਚਕਾਰ ਦਾ ਕੋਈ ਵੀ ਸਮਾਂ ਹੈ।

ਭਾਸ਼ਾ ਸਹਾਇਤਾ

ਜੇਕਰ ਮੈਂ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾ ਵਿੱਚ ਬੋਲਣਾ ਚਾਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾ ਵਿੱਚ ਗੱਲ ਕਰਨੀ ਚਾਹੁੰਦੇ ਹੋ ਤਾਂ TSC ਨੂੰ ਕਾਲ ਕਰੋ। ਸਾਡਾ TSC ਸਟਾਫ਼ ਤੁਹਾਡੀ ਅੰਗਰੇਜ਼ੀ ਅਤੇ ਸਪੇਨੀ ਭਾਸ਼ਾ ਵਿੱਚ ਮਦਦ ਕਰ ਸਕਦਾ ਹੈ। ਜੇਕਰ ਤੁਸੀਂ ਕੋਈ ਵੱਖਰੀ ਭਾਸ਼ਾ ਬੋਲਦੇ ਹੋ ਤਾਂ TSC ਸਟਾਫ਼ ਨੂੰ ਦੱਸੋ ਕਿ ਤੁਸੀਂ ਕਿਹੜੀ ਭਾਸ਼ਾ ਬੋਲਦੇ ਹੋ, ਸਾਡੇ ਕੋਲ ਦੁਭਾਸ਼ੀਏ ਹਨ ਜਿੰਨ੍ਹਾਂ ਨੂੰ ਅਸੀਂ ਮਦਦ ਲਈ ਕਾਲ ਕਰ ਸਕਦੇ ਹਾਂ।

TSC ਸਟਾਫ਼ ਕਿਸੇ Denti-Cal ਦੰਦਾਂ ਦੇ ਡਾਕਟਰ ਨੂੰ ਲੱਭਣ ਵਿੱਚ ਮਦਦ ਕਰ ਸਕਦਾ ਹੈ ਜੋ ਕਿ ਤੁਹਾਡੀ ਭਾਸ਼ਾ ਬੋਲਦਾ ਹੋਵੇ ਜਾਂ ਜਿਸ ਦਾ ਸਟਾਫ਼ ਤੁਹਾਡੀ ਭਾਸ਼ਾ ਬੋਲਦਾ ਹੋਵੇ।

ਜਦੋਂ ਮੈਂ ਫ਼ੋਨ 'ਤੇ ਦੰਦਾਂ ਦੇ ਡਾਕਟਰ ਨਾਲ ਗੱਲ ਕਰਦਾ/ਕਰਦੀ ਹਾਂ ਤਾਂ ਕੀ ਕੋਈ ਮੇਰੇ ਲਈ ਅਨੁਵਾਦ ਕਰ ਸਕਦਾ ਹੈ?

ਹਾਂ। ਜੇਕਰ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ ਜਾਂ ਭਾਸ਼ਾ ਸੇਵਾਵਾਂ ਵਿੱਚ ਮਦਦ ਚਾਹੀਦੀ ਹੈ, ਤਾਂ TSC ਨੂੰ ਕਾਲ ਕਰੋ। ਉਹ ਕਿਸੇ ਦੁਭਾਸ਼ੀਏ ਨਾਲ ਤੁਹਾਡੀ ਮਦਦ ਕਰ ਸਕਦੇ ਹਨ।

ਕੀ ਦੰਦਾਂ ਦੇ ਡਾਕਟਰ ਦੇ ਦਫ਼ਤਰ ਵਿਖੇ ਕੋਈ ਮੇਰੇ ਲਈ ਅਨੁਵਾਦ ਕਰ ਸਕਦਾ ਹੈ?

ਹਾਂ। ਜੇਕਰ ਤੁਹਾਡਾ ਦੰਦਾ ਦਾ ਡਾਕਟਰ ਤੁਹਾਡੀ ਭਾਸ਼ਾ ਨਹੀਂ ਬੋਲਦਾ ਹੈ, ਤਾਂ ਤੁਹਾਡੇ ਕੋਲ ਭਾਸ਼ਾ ਦੁਭਾਸ਼ੀਏ ਨੂੰ ਨਿਯੁਕਤ ਕਰਨ ਸਮੇਤ ਬਿਨਾਂ ਕਿਸੇ ਖਰਚੇ ਦੇ ਕਿਸੇ ਦੁਭਾਸ਼ੀਏ ਦੀ ਮਦਦ ਲੈਣ ਦਾ ਅਧਿਕਾਰ ਹੈ। ਤੁਸੀਂ TSC ਨੂੰ ਕਾਲ ਕਰ ਸਕਦੇ ਹੋ ਅਤੇ ਡੈਂਟਲ ਨਿਯਮਾਂ ਦੀ ਵਿਆਖਿਆ ਕਰਨ ਵਿੱਚ ਮਦਦ ਲਈ ਕਿਸੇ ਦੁਭਾਸ਼ੀਏ ਲਈ ਕਹਿ ਸਕਦੇ ਹੋ। ਇਸ ਵਿੱਚ ਤੁਹਾਡੇ ਦੰਦਾਂ ਦੇ ਡਾਕਟਰ ਵੱਲੋਂ ਤੁਹਾਡੀ ਮੁਲਾਕਾਤ ਬਾਰੇ ਦੱਸਿਆ ਜਾਣਾ, ਤੁਹਾਡੀ ਦੇਖਭਾਲ ਦੀ ਯੋਜਨਾ ਦਾ ਸਪਸ਼ਟੀਕਰਣ ਜਾਂ ਡੈਂਟਲ ਸਟਾਫ਼ ਨਾਲ ਕੀਤੀ ਗੱਲ ਸ਼ਾਮਲ ਹੈ।

ਜੇਕਰ ਤੁਸੀਂ ਆਪਣੀ ਮੁਲਾਕਾਤ ਲਈ ਆਉਂਦੇ ਹੋ ਅਤੇ ਦੰਦਾਂ ਦੇ ਡਾਕਟਰ ਦੇ ਦਫ਼ਤਰ ਵਿਖੇ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੁੰਦੀ ਹੈ, ਤਾਂ ਤੁਸੀਂ ਜਾਂ ਤੁਹਾਡਾ ਡਾਕਟਰ TSC ਨੂੰ ਕਾਲ ਕਰ ਸਕਦੇ ਹੋ। TSC ਕਿਸੇ ਪ੍ਰਤੀਨਿਧੀ ਨਾਲ ਤੁਹਾਨੂੰ ਕਨੈਕਟ ਕਰੇਗਾ, ਜੋ ਕਿ ਤੁਹਾਡੀ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਅਨੁਵਾਦ ਕਰ ਸਕਦਾ ਹੋਵੇ।

Denti-Cal ਵੈੱਬਸਾਈਟ

ਮੈਂ Denti-Cal ਵੈੱਬਸਾਈਟ ਕਿਵੇਂ ਲੱਭਾਂ?

ਤੁਸੀਂ ਇੱਥੇ Denti-Cal ਵੈੱਬਸਾਈਟ ਦਾ ਪਤਾ ਲਗਾ ਸਕਦੇ ਹੋ: www.denti-cal.ca.gov

Denti-Cal ਵੈੱਬਸਾਈਟ 'ਤੇ ਕੀ ਜਾਣਕਾਰੀ ਮਿਲਦੀ ਹੈ?

Denti-Cal ਵੈੱਬਸਾਈਟ 'ਤੇ Medi-Cal ਡੈਂਟਲ ਪ੍ਰੋਗਰਾਮ ਸਮੇਤ ਅੱਗੇ ਲਿਖਿਆਂ ਬਾਰੇ ਵਿਭਿੰਨ ਕਿਸਮ ਦੀ ਮਹੱਤਵਪੂਰਨ ਜਾਣਕਾਰੀ ਹੈ:

- Medi-Cal ਲਈ ਅਪਲਾਈ ਕਰੋ
- ਸੰਪਰਕ ਜਾਣਕਾਰੀ
- ਡੈਂਟਲ ਸ੍ਰੋਤ
- ਕਿਸੇ ਦੰਦਾਂ ਦੇ ਡਾਕਟਰ ਨੂੰ ਲੱਭੋ
- ਫਾਰਮ
- ਅਕਸਰ ਪੁੱਛੇ ਜਾਣ ਵਾਲੇ ਸਵਾਲ (FAQs)
- ਹੋਰ ਜਾਣਕਾਰੀ
- ਲੋਕਾਂ ਤੱਕ ਪਹੁੰਚ ਕੇ ਸਹਾਇਤਾ ਦੇਣੀ
- ਪ੍ਰਕਾਸ਼ਨਾਵਾਂ

ਤੁਹਾਨੂੰ ਭਾਈਚਾਰੇ ਵੱਲੋਂ ਪੁੱਛੇ ਗਏ ਸਵਾਲ ਅਤੇ TSC ਲਈ ਟੋਲ-ਮੁਕਤ ਟੈਲੀਫ਼ੋਨ ਨੰਬਰ ਵੀ ਮਿਲਣਗੇ।

Medi-Cal ਦੇ ਅਧੀਨ ਡੈਂਟਲ ਸੇਵਾਵਾਂ ਦੀ ਵਰਤੋਂ ਕਰਨਾ

ਮੈਂ ਕਿਵੇਂ ਪਤਾ ਲਗਾ ਸਕਦਾ/ਸਕਦੀ ਹਾਂ ਕਿ ਮੈਂ ਦੰਦਾਂ ਦੀਆਂ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਹਾਂ?

ਜ਼ਿਆਦਾਤਰ ਲੋਕ ਜੋ Medi-Cal ਲਈ ਯੋਗ ਬਣ ਜਾਂਦੇ ਹਨ ਉਹ ਵੀ ਡੈਂਟਲ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਹਨ। ਤੁਹਾਨੂੰ ਡੈਂਟਲ ਸੇਵਾਵਾਂ ਪ੍ਰਾਪਤ ਕਰਨ ਲਈ ਵੱਖਰੇ ਤੌਰ 'ਤੇ ਅਪਲਾਈ ਕਰਨ ਦੀ ਲੋੜ ਨਹੀਂ ਹੈ। ਤੁਹਾਨੂੰ ਡੈਂਟਲ ਸੇਵਾਵਾਂ ਲੈਣ ਲਈ ਆਪਣੇ ਡੈਂਟਲ ਪ੍ਰਦਾਤਾ ਨੂੰ ਆਪਣਾ BIC ਪ੍ਰਦਾਨ ਕਰਨਾ ਪਵੇਗਾ। ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਇਹ ਦੇਖਣਾ ਚਾਹੁੰਦੇ ਹੋ ਕਿ ਕੀ ਤੁਸੀਂ Medi-Cal ਡੈਂਟਲ ਪ੍ਰੋਗਰਾਮ ਲਾਭਾਂ ਦੇ ਯੋਗ ਹੋ ਕਿ ਨਹੀਂ, ਤਾਂ TSC ਨੂੰ ਕਾਲ ਕਰੋ।

Denti-Cal ਲਾਭ

ਇਹ ਸੈਕਸ਼ਨ Medi-Cal ਵੱਲੋਂ ਕਵਰ ਕੀਤੀ ਡੈਂਟਲ ਦੇਖਭਾਲ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੈ।

Medi-Cal ਪ੍ਰੋਗਰਾਮ ਦੇ ਅਧੀਨ ਉਪਲਬਧ ਡੈਂਟਲ ਲਾਭ ਕਿਹੜੇ ਹਨ?

ਹੇਠਾਂ 1ਲੀ ਜਨਵਰੀ, 2018 ਤੋਂ ਪ੍ਰਭਾਵੀ ਤੁਰੰਤ ਹਵਾਲਾ ਗਾਈਡ ਹੈ। ਲਾਭ ਸਹਾਇਤਾ ਕੋਡਾਂ ਅਤੇ ਜਿੱਥੇ ਲਾਭਪਾਤਰੀ ਰਹਿੰਦੇ ਹਨ, 'ਤੇ ਆਧਾਰਿਤ ਹੁੰਦੇ ਹਨ। ਵਾਧੂ ਜਾਣਕਾਰੀ www.denti-cal.ca.gov 'ਤੇ Denti-Ca ਵੈੱਬਸਾਈਟ ਉੱਤੇ ਲੱਭੀ ਜਾ ਸਕਦੀ ਹੈ।

✓ ਲਾਭ ✗ ਲਾਭ ਨਹੀਂ				
ਪ੍ਰਕਿਰਿਆ	**ਪੂਰੀ ਗੁੰਜਾਇਸ਼****	**ਪਾਬੰਦੀਸ਼ੁਦਾ ਗੁੰਜਾਇਸ਼****	**ਗਰਭ ਅਵਸਤਾ ਸਬੰਧੀ****	**ਕਿਸੇ ਸੁਵਿਧਾ ਵਿੱਚ ਰਹਿਣਾ (SNF/ICF)**
ਮੌਖਿਕ ਮੁਲਾਂਕਣ (3 ਸਾਲ ਦੀ ਉਮਰ ਤੋਂ ਘੱਟ)*	✓	✗	✗	✓
ਸ਼ੁਰੂਆਤੀ ਜਾਂਚ (3 ਸਾਲ ਜਾਂ ਉਸਤੋਂ ਵੱਧ ਦੀ ਉਮਰ)	✓	✗	✓	✓
ਆਵਰਤੀ ਜਾਂਚ (3 ਸਾਲ ਜਾਂ ਉਸਤੋਂ ਵੱਧ ਦੀ ਉਮਰ)	✓	✗	✓	✓
ਪ੍ਰੋਫੋਲੈਕਸਿਸ	✓	✗	✓	✓
ਫਲੋਰਾਈਡ	✓	✗	✓	✓
ਬਲ-ਵਰਧਕ ਸੇਵਾਵਾਂ – ਮਿਸ਼ਰਿਤ/ਰਲਵੇਂ/ ਪੂਰਵ-ਨਿਰਮਿਤ ਕਰਾਉਣ	✓	✗	✓	✓
ਲੈਬਾਰਟਰੀ ਸੰਸਾਧਿਤ ਕਰਾਉਣ*	✓	✗	✓	✓
ਸਕੇਲਿੰਗ ਅਤੇ ਰੂਟ ਪਲਾਨਿੰਗ*	✓	✗	✓	✓
ਪੂਰੇ ਮੂੰਹ ਦੇ ਖਰਾਬ ਦੰਦਾਂ ਨੂੰ ਕੱਢਣਾ	✗	✗	✗	✓
ਪੀਰਿਓਡੋਂਟਲ ਰੱਖ-ਰਖਾਓ	✓	✗	✓	✓
ਐਨਟੀਰੀਅਰ ਰੂਟ ਕਨਾਲ	✓	✗	✓	✓
ਪੋਸਟੀਰੀਅਰ ਰੂਟ ਕਨਾਲ	✓	✗	✓	✓
ਬਣਾਉਟੀ ਦੰਦਾ ਦਾ ਅਧੂਰਾ ਸੈੱਟ	✓	✗	✓	✓
ਪੂਰਾ ਬਣਾਉਟੀ ਦੰਦਾਂ ਦਾ ਸੈੱਟ	✓	✗	✓	✓
ਨਿਸ਼ਕਾਸ਼ਨ/ਮੌਖਿਕ ਅਤੇ ਮੈਕਸੀਲੋਫੇਸ਼ੀਅਲ ਸਰਜਰੀ	✓	✓	✓	✓
ਅਪਾਤਕਾਲੀ ਸੇਵਾਵਾਂ	✓	✓	✓	✓

ਅੱਪਵਾਦ: ਉਪਰੋਕਤ ਲਾਭਾਂ ਵਿੱਚ ਕੁਝ ਅੱਪਵਾਦ ਹਨ (ਇਸ ਚਿੰਨ੍ਹ * ਨਾਲ ਚਿੰਨ੍ਹਿਤ ਕੀਤੇ)। **ਡੈਂਟਲ ਸ਼ਰਤਾਂ ਅਤੇ ਹੋਰ ਪਰਿਭਾਸ਼ਾਵਾਂ ਪੰਨਾ 30 'ਤੇ ਦੇਖੋ।

ਤੁਹਾਡਾ ਦੰਦਾਂ ਦਾ ਡਾਕਟਰ ਤੁਹਾਨੂੰ Denti-Cal ਦੁਆਰਾ ਕਵਰ ਕੀਤੀਆਂ ਅਤੇ ਨਾ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਦੱਸੇਗਾ। ਤੁਹਾਡਾ ਦੰਦਾਂ ਦਾ ਡਾਕਟਰ ਸਰਵੋਤਮ ਇਲਾਜ ਅਤੇ Medi-Cal ਪ੍ਰੋਗਰਾਮ ਦੇ ਅਧੀਨ ਕਿਹੜੀਆਂ ਸੇਵਾਵਾਂ ਤੁਸੀਂ ਲੈ ਸਕਦੇ ਹੋ ਇਸ ਬਾਰੇ ਫ਼ੈਸਲਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਤੁਹਾਡੀ ਪਹਿਲੀ ਫੇਰੀ ਦੌਰਾਨ, ਆਪਣੇ ਦੰਦਾਂ ਦੇ ਡਾਕਟਰ ਨੂੰ ਆਪਣਾ BIC ਦਿਖਾਓ ਤਾਂ ਜੋ ਉਹ ਤੁਹਾਡੇ ਡੈਂਟਲ ਲਾਭਾਂ ਨੂੰ ਐਕਸੈਸ ਕਰ ਸਕੇ।

ਇੱਕ ਸਾਲ ਵਿੱਚ **Medi-Cal** ਕਵਰ ਕੀਤੀਆਂ ਡੈਂਟਲ ਸੇਵਾਵਾਂ ਲਈ ਕਿੰਨਾ ਭੁਗਤਾਨ ਕਰੇਗਾ ਕੀ ਇਸ ਬਾਰੇ ਕੋਈ ਸੀਮਾਵਾਂ ਹਨ? ਕੀ ਇਹ ਬੱਚਿਆਂ ਅਤੇ ਬਾਲਗਾਂ ਲਈ ਵੱਖੋ-ਵੱਖਰਾ ਹੈ?

ਬੱਚਿਆਂ ਦੀਆਂ ਕਵਰ ਕੀਤੀਆਂ ਡੈਂਟਲ ਸੇਵਾਵਾਂ ਲਈ ਕੋਈ ਸਲਾਨਾ ਸੀਮਾ ਨਹੀਂ ਹੈ। 21 ਸਾਲ ਜਾਂ ਵੱਧ ਉਮਰ ਦੇ ਲਾਭਪਾਤਰੀਆਂ ਲਈ ਕੁਝ ਡੈਂਟਲ ਸੇਵਾਵਾਂ ਲਈ Medi-Cal ਭੁਗਤਾਨ ਹਰੇਕ ਕੈਲੰਡਰ ਸਾਲ ਲਈ $1,800 ਪ੍ਰਤੀ ਵਿਅਕਤੀ ਹੈ। ਜੋ ਡੈਂਟਲ ਸੇਵਾਵਾਂ ਮੈਡੀਕਲ ਤੌਰ 'ਤੇ ਜ਼ਰੂਰੀ ਹਨ, ਉਨ੍ਹਾਂ ਲਈ $1,800 ਦੀ ਸੀਮਾ ਤੋਂ ਵੱਧ ਕਵਰ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਨਰਸਿੰਗ ਸਹੂਲਤ ਵਿੱਚ ਰਹਿਣ ਵਾਲੇ 21 ਸਾਲ ਜਾਂ ਵੱਧ ਉਮਰ ਵਾਲੇ ਲਾਭਪਾਤਰੀਆਂ ਲਈ ਕੋਈ ਸਲਾਨਾ ਸੀਮਾ ਨਹੀਂ ਹੈ।

ਕੀ ਇਹ ਵਾਧੂ ਲਾਭ ਖਾਸ ਲੋੜਾਂ ਵਾਲੇ ਰੋਗੀਆਂ ਲਈ ਹਨ?

ਨਵੇਂ ਅੱਪਵਾਦਾਂ ਨਾਲ, ਕਵਰ ਕੀਤੀਆਂ ਡੈਂਟਲ ਸੇਵਾਵਾਂ ਹਰੇਕ ਲਈ ਇੱਕੋ ਜਿਹੀਆਂ ਹਨ। ਹਾਲਾਂਕਿ, ਖਾਸ ਲੋੜਾਂ ਵਾਲੇ ਰੋਗੀਆਂ ਦੀਆਂ ਸਰੀਰਕ, ਵਿਹਾਰਿਕ, ਵਿਕਾਸਾਤਮਕ ਜਾਂ ਭਾਵਨਾਤਕ ਸਥਿਤੀਆਂ ਉਨ੍ਹਾਂ ਦੀ ਜਾਂਚ ਕੀਤੇ ਜਾਣ ਦੀ ਦੰਦਾਂ ਦੇ ਡਾਕਟਰ ਦੀ ਯੋਗਤਾ ਨੂੰ ਸੀਮਿਤ ਕਰ ਸਕਦੀਆਂ ਹਨ। ਇਹਨਾਂ ਮਾਮਲਿਆਂ ਵਿੱਚ, ਜੇ ਦੰਦਾਂ ਦਾ ਡਾਕਟਰ ਫ਼ੈਸਲਾ ਕਰਦਾ ਹੈ ਕਿ ਦੰਦਾਂ ਦਾ ਇਲਾਜ ਕਰਵਾਉਣ ਲਈ ਮਰੀਜ਼ ਨੂੰ ਧੀਰਜਵਾਨ ਹੋਣਾ ਚਾਹੀਦਾ ਹੈ ਤਾਂ ਦੰਦਾਂ ਦਾ ਡਾਕਟਰ Denti-Cal ਤੋਂ ਪ੍ਰਵਾਨਗੀ ਲਈ ਬੇਨਤੀ ਕਰੇਗਾ।

ਬੱਚਿਆਂ ਲਈ ਕਿਹੜੇ ਲਾਭ ਉਪਲਬਧ ਹਨ?

ਜੇਕਤ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਉਮਰ 21 ਸਾਲ ਤੋਂ ਘੱਟ ਹੈ, ਤਾਂ ਤੁਸੀਂ ਪੂਰਵ ਅਤੇ ਆਵਰਤੀ ਸਕ੍ਰੀਨਿੰਗ, ਇਲਾਜ ਅਤੇ ਨਿਦਾਨਕ (EPSDT) ਪ੍ਰੋਗਰਾਮ ਦੇ ਅਧੀਨ ਵਾਧੂ ਡੈਂਟਲ ਸੇਵਾਵਾਂ ਲਈ ਯੋਗ ਹੋ ਸਕਦੇ ਹੋ।

ਗਰਭਵਤੀ ਔਰਤਾਂ ਲਈ ਕਿਹੜੇ ਲਾਭ ਉਪਲਬਧ ਹਨ?

ਜੇਕਰ ਤੁਸੀਂ ਗਰਭਵਤੀ ਹੋ, ਤਾਂ ਤੁਹਾਡੇ Medi-Cal ਦੀ ਕਿਸਮ ਦੀ ਪਰਵਾਹ ਕੀਤੇ ਬਿਨਾਂ, ਤੁਸੀਂ ਸਾਰੀਆਂ ਕਵਰ ਕੀਤੀਆਂ ਡੈਂਟਲ ਪ੍ਰਕਿਰਿਆਵਾਂ ਲਈ ਯੋਗ ਹੁੰਦੇ ਹੋ ਜੇਕਰ ਤੁਸੀਂ ਉਸ ਪ੍ਰਕਿਰਿਆ ਲਈ ਸਾਰੀਆਂ ਹੋਰ Denti-Cal ਲੋੜਾਂ ਨੂੰ ਪੂਰਾ ਕਰਦੇ ਹੋ। ਗਰਭਵਤੀ ਲਾਭਪਾਤਰੀ ਜਨੇਪੇ ਤੋਂ 60 ਦਿਨ ਬਾਅਦ ਇਹਨਾਂ ਸੇਵਾਵਾਂ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਜਾਣਗੇ। ਜਨੇਪੇ ਤੋਂ ਬਾਅਦ, ਉਹ ਉਸ ਮਹੀਨੇ ਦੇ ਅੰਤ ਵਿੱਚ ਸ਼ੁਰੂ ਕਰ ਸਕਦੇ ਹਨ ਜਿਸ ਮਹੀਨੇ ਵਿੱਚ 60ਵਾਂ ਦਿਨ ਆਉਂਦਾ ਹੋਵੇ।

Denti-Cal ਦੰਦਾਂ ਦਾ ਡਾਕਟਰ

ਤੁਸੀਂ ਕਿਸੇ ਵੀ Denti-Cal ਦੰਦਾਂ ਦੇ ਡਾਕਟਰ ਤੋਂ ਡੈਂਟਲ ਦੇਖਭਾਲ ਪ੍ਰਾਪਤ ਕਰ ਸਕਦੇ ਹੋ (ਡੈਂਟਲ ਸੇਵਾਵਾਂ ਪ੍ਰਦਾਨ ਕਰਨ ਲਈ Medi- Cal ਵਿੱਚ ਨਾਮਜ਼ਦ ਦੰਦਾਂ ਦਾ ਡਾਕਟਰ)। ਡੈਂਟਲ ਆਫਿਸ ਵਿਖੇ ਕਾਲ ਕਰੋ ਅਤੇ ਉਨ੍ਹਾਂ ਨੂੰ ਪੁੱਛੋ ਕਿ ਕੀ ਉਹ ਹਾਲੇ ਵੀ Medi-Cal ਨੂੰ ਸਵੀਕਾਰ ਕਰਦੇ ਹਨ ਅਤੇ ਕੀ ਉਹ ਨਵੇਂ ਮਰੀਜ਼ਾਂ ਨੂੰ ਸਵੀਕਾਰ ਕਰਦੇ ਹਨ। ਕਿਰਪਾ ਕਰਕੇ ਇਸ ਸੈਕਸ਼ਨ ਨੂੰ ਪੜ੍ਹੋ, ਇਸ ਨਾਲ ਤੁਸੀਂ ਜਾਣੋਂਗੇ ਕਿ Denti-Cal ਪ੍ਰੋਗਰਾਮ ਵਿੱਚ ਕਿਸੇ ਦੰਦਾਂ ਦੇ ਡਾਕਟਰ ਨੂੰ ਕਿਵੇਂ ਲੱਭਣਾ ਹੈ।

ਕਿਸੇ Denti-Cal ਦੰਦਾਂ ਦੇ ਡਾਕਟਰ ਨੂੰ ਕਿਵੇਂ ਲੱਭੀਏ?

ਤੁਸੀਂ ਕਿਸੇ ਵੀ Denti-Cal ਦੰਦਾਂ ਦੇ ਡਾਕਟਰ ਨੂੰ ਚੁਣ ਸਕਦੇ ਹੋ। ਤੁਸੀਂ ਆਪਣੇ ਖੇਤਰ ਵਿੱਚ Denti-Cal ਦੰਦਾਂ ਦੇ ਡਾਕਟਰਾਂ ਨੂੰ ਲੱਭਣ ਵਿੱਚ ਮਦਦ ਲਈ ਹਾਲੇ ਵੀ TSC ਨੂੰ ਕਾਲ ਕਰ ਸਕਦੇ ਹੋ। ਤੁਸੀਂ Denti-Cal ਵੈੱਬਸਾਈਟ : https://www.denti-cal.ca.gov/find-a-dentist/home 'ਤੇ ਉੱਤੇ ਜਾ ਕੇ ਵੀ ਕਿਸੇ Denti-Cal ਦੰਦਾਂ ਦੇ ਡਾਕਟਰ ਨੂੰ ਲੱਭ ਸਕਦੇ ਹੋ। ਤੁਸੀਂ Insure Kids Now ਵੈੱਬਸਾਈਟ : https://www.insurekidsnow.gov/coverage/find-a-dentist/index.html 'ਤੇ ਵੀ ਕਿਸੇ ਦੰਦਾਂ ਦੇ ਡਾਕਟਰ ਨੂੰ ਲੱਭ ਸਕਦੇ ਹੋ।

ਕੀ ਹੋਵੇਗਾ ਜੇਕਰ ਮੈਂ ਆਪਣੇ ਖੇਤਰ ਵਿੱਚ Denti-Cal ਲੈਣ ਵਾਲੇ ਕਿਸੇ ਦੰਦਾਂ ਦੇ ਡਾਕਟਰ ਨੂੰ ਨਾ ਲਭ ਸਕਾਂ?

ਆਪਣੇ ਖੇਤਰ ਵਿੱਚ Denti-Cal ਦੰਦਾਂ ਦੇ ਡਾਕਟਰਾਂ ਨੂੰ ਲੱਭਣ ਵਿੱਚ ਮਦਦ ਲਈ, TSC ਨੂੰ ਕਾਲ ਕਰੋ।

Denti-Cal ਟੈਲੀਫ਼ੋਨ ਸੇਵਾ ਕੇਂਦਰ:

1-800-322-6384

ਟੈਲੀਟੈਕਸਟ ਟਾਈਪਰਾਈਟਰ (TTY):

1-800-735-2922

ਜੇ ਮੈਨੂੰ ਡੈਂਟਲ ਮਾਹਿਰ ਤੋਂ ਜਾਂਚ ਕਰਵਾਉਣ ਦੀ ਲੋੜ ਹੋਵੇ ਤਾਂ ਕੀ ਹੋਵੇਗਾ?

ਤੁਹਾਡਾ Denti-Cal ਦੰਦਾਂ ਦਾ ਡਾਕਟਰ ਵਿਸ਼ੇਸ਼ ਇਲਾਜ ਲਈ ਕਿਸੇ ਦੂਸਰੇ ਦੰਦਾਂ ਦੇ ਡਾਕਟਰ ਕੋਲ ਭੇਜ ਸਕਦਾ ਹੈ। ਡੈਂਟਲ ਮਾਹਿਰ ਨਾਲ ਤੁਹਾਡੀ ਫੇਰੀ ਨੂੰ ਸੈੱਟ ਅੱਪ ਕਰਨ ਵਿੱਚ ਮਦਦ ਲਈ TSC ਨੂੰ ਕਾਲ ਕਰੋ।

ਕੀ ਮੈਂ ਆਪਣੀਆਂ ਡੈਂਟਲ ਸੇਵਾਵਾਂ ਲਈ ਕਲੀਨਿਕ 'ਤੇ ਜਾ ਸਕਦਾ/ਸਕਦੀ ਹਾਂ?

ਹਾਂ। ਬਹੁਤ ਸਾਰੇ ਕਲੀਨਿਕ Medi-Cal ਰੋਗੀਆਂ ਦੀ ਜਾਂਚ ਕਰਨਗੇ ਅਤੇ ਡੈਂਟਲ ਸੇਵਾਵਾਂ ਦੇਣਗੇ। ਤੁਸੀਂ ਕਲੀਨਿਕ ਵਿੱਚ ਆਪਣਾ ਡੈਂਟਲ ਕਾਰਜ ਕਰਵਾ ਸਕਦੇ ਹੋ ਜਦੋਂ ਤੱਕ ਕਿ ਕਲੀਨਿਕ ਵੱਲੋਂ Medi-Cal ਸਵੀਕਾਰ ਕਰਨ ਲਈ ਮਨਜ਼ੂਰੀ ਹੁੰਦੀ ਜਾਂਦੀ ਹੈ ਅਤੇ ਉਹਨਾਂ ਦੀਆਂ ਕਵਰ ਕੀਤੀਆਂ ਸੇਵਾਵਾਂ ਦੇ ਹਿੱਸੇ ਵਜੋਂ ਡੈਂਟਲ ਸੇਵਾਵਾਂ ਪ੍ਰਦਾਨ ਕਰਦਾ ਹੈ। ਤੁਸੀਂ ਆਪਣੀ ਕਾਉਂਟੀ ਵਿੱਚ ਕਲੀਨਿਕ ਲੱਭਣ ਵਿੱਚ ਮਦਦ ਲਈ TSC ਨੂੰ ਕਾਲ ਕਰ ਸਕਦੇ ਹੋ, ਜਾਂ ਤੁਸੀਂ: https://www.denti-cal.ca.gov/Beneficiaries/Denti-Cal/Dental_Clinics_Serving_Medi-Cal_Beneficiaries/ 'ਤੇ Denti-Cal ਉੱਤੇ ਕਾਉਂਟੀ ਕਲੀਨਿਕਾਂ ਦੀ ਸੂਚੀ ਦੇਖ ਸਕਦੇ ਹੋ।

ਕੀ ਹੋਵੇਗਾ ਜੇਕਰ ਮੈਂ ਕਿਸੇ ਅਜਿਹੇ ਦੰਦਾਂ ਦੇ ਡਾਕਟਰ ਕੋਲ ਜਾਵਾਂ ਜੋ ਕਿ Denti-Cal ਦੰਦਾਂ ਦਾ ਡਾਕਟਰ ਨਾ ਹੋਵੇ?

Denti-Cal ਪ੍ਰੋਗਰਾਮ ਤੁਹਾਡੇ ਵੱਲੋਂ ਸਿਰਫ਼ Denti-Cal ਪ੍ਰੋਗਰਾਮ ਵਿੱਚ ਨਾਮਜ਼ਦ ਦੰਦਾਂ ਦੇ ਡਾਕਟਰ ਤੋਂ ਲਈਆਂ ਸੇਵਾਵਾਂ ਲਈ ਹੀ ਭੁਗਤਾਨ ਕਰੇਗਾ। ਜੇਕਰ ਤੁਸੀਂ ਕਿਸੇ ਅਜਿਹੇ ਦੰਦਾਂ ਦੇ ਡਾਕਟਰ ਕੋਲ ਜਾਂਦੇ ਹੋ ਜੋ ਕਿ Denti-Cal ਵਿੱਚ ਨਾਮਜ਼ਦ ਨਹੀਂ ਹੈ, ਤਾਂ ਤੁਹਾਨੂੰ ਪ੍ਰਾਪਤ ਕੀਤੀਆਂ ਕਿਸੇ ਵੀ ਡੈਂਟਲ ਸੇਵਾਵਾਂ ਦਾ ਭੁਗਤਾਨ ਕਰਨਾ ਹੋਵੇਗਾ।

ਕੀ ਮੈਂ ਆਪਣੇ ਦੰਦਾਂ ਦੇ ਡਾਕਟਰਾਂ ਨੂੰ ਬਦਲ ਸਕਦਾ/ਸਕਦੀ ਹਾਂ?

ਹਾਂ। ਤੁਸੀਂ Denti-Cal ਵਿੱਚ ਨਾਮਜ਼ਦ ਅਤੇ ਨਵੇਂ ਰੋਗੀਆਂ ਨੂੰ ਸਵੀਕਾਰ ਕਰਦੇ ਕਿਸੇ ਵੀ ਦੰਦਾਂ ਦੇ ਡਾਕਟਰ ਕੋਲ ਜਾ ਸਕਦੇ ਹੋ। ਜੇਕਰ ਤੁਸੀਂ ਕਿਸੇ DMC ਪਲਾਨ ਵਿੱਚ ਨਾਮਜ਼ਦ ਹੋ, ਤਾਂ ਤੁਸੀਂ ਕਿਸੇ ਵੱਖਰੇ ਦੰਦਾਂ ਦੇ ਡਾਕਟਰ ਨੂੰ ਨਿਯੁਕਤ ਕਰਨ ਦੀ ਵੀ ਬੇਨਤੀ ਕਰ ਸਕਦੇ ਹੋ।

ਮੈਂ ਕਿੰਨੀ ਵਾਰ ਆਪਣੇ ਦੰਦਾਂ ਦੇ ਡਾਕਟਰ ਨੂੰ ਬਦਲ ਸਕਦਾ/ਸਕਦੀ ਹਾਂ?

ਦੰਦਾਂ ਦੇ ਡਾਕਟਰਾਂ ਨੂੰ ਬਦਲਣ ਦੀਆਂ ਕੋਈ ਸੀਮਾਵਾਂ ਨਹੀਂ ਹਨ। ਹਾਲਾਂਕਿ, ਵੱਖ-ਵੱਖ ਦੰਦਾਂ ਦੇ ਡਾਕਟਰਾਂ ਤੋਂ ਇੱਕੋ ਇਲਾਜ ਪ੍ਰਾਪਤ ਕਰਨ ਸਬੰਧੀ ਸੀਮਾਵਾਂ ਹਨ (ਉਦਾਹਰਨ ਲਈ ਸਫਾਈ ਕਰਵਾਉਣਾ)। ਅਸੀਂ ਤੁਹਾਨੂੰ ਸੁਝਾਅ ਦਿੰਦੇ ਹਾਂ ਕਿ ਤੁਸੀਂ Denti-Cal ਦੰਦਾਂ ਦੇ ਡਾਕਟਰ ਨਾਲ ਡੈਂਟਲ ਹੋਮ ਚੁਣੋ।

ਇੱਕੋ ਦੰਦਾਂ ਦੇ ਡਾਕਟਰ ਕੋਲ ਜਾਣਾ ਮੇਰੇ ਲਈ ਕਿੰਨਾ ਮਦਦਗਾਰ ਹੁੰਦਾ ਹੈ?

ਤੁਹਾਡੀਆਂ ਨਿਯਮਤ ਜਾਂਚਾਂ ਅਤੇ ਦੇਖਭਾਲ ਇੱਕੋ ਦੰਦਾਂ ਦੇ ਡਾਕਟਰ ਵੱਲੋਂ ਕੀਤਾ ਜਾਣਾ ਬਹੁਤ ਤਰੀਕਿਆਂ ਨਾਲ ਤੁਹਾਡੇ ਲਈ ਲਾਭਕਾਰੀ ਹੋ ਸਕਦਾ ਹੈ:

- ਤੁਸੀਂ ਆਪਣੀ ਅਗਲੀ ਫੇਰੀ ਸਬੰਧੀ ਨਿਯਮਿਤ ਰਿਮਾਈਂਡਰ ਪ੍ਰਾਪਤ ਕਰ ਸਕਦੇ ਹੋ
- ਤੁਹਾਡਾ ਦੰਦਾਂ ਦਾ ਡਾਕਟਰ ਤੁਹਾਨੂੰ ਲੋੜ ਪੈਣ 'ਤੇ ਡੈਂਟਲ ਮਾਹਿਰ ਲੱਭਣ ਵਿੱਚ ਮਦਦ ਕਰ ਸਕਦਾ ਹੈ ਜੇਕਰ ਤੁਹਾਡਾ ਨਿਯਮਤ ਦੰਦਾਂ ਦਾ ਡਾਕਟਰ ਉਹ ਇਲਾਜ ਨਾ ਕਰ ਸਕਦਾ ਹੋਵੇ
- ਤੁਹਾਡਾ ਦੰਦਾਂ ਦਾ ਡਾਕਟਰ ਤੁਹਾਡੇ ਸਿਹਤ ਦੇ ਇਤਿਹਾਸ ਨੂੰ ਜਾਣਦਾ ਹੁੰਦਾ ਹੈ ਅਤੇ ਸਮੱਸਿਆਵਾਂ ਨੂੰ ਛੇਤੀ ਹੱਲ ਕਰਨ ਵਿੱਚ ਮਦਦ ਕਰ ਸਕਦਾ ਹੈ ਤਾਂ ਜੋ ਤੁਸੀਂ ਹਾਲਾਤ ਬਦਤਰ ਹੋਣ ਤੋਂ ਪਹਿਲਾਂ ਇਲਾਜ ਕਰਵਾ ਸਕੋ

ਕੀ ਮੈਂ ਇਲਾਜ ਦਰਮਿਆਨ ਡੈਂਟਿਸਟਾਂ ਨੂੰ ਬਦਲ ਸਕਦਾ/ਸਕਦੀ ਹਾਂ?

ਜੇਕਰ ਤੁਹਾਡੀਆਂ ਡੈਂਟਲ ਸੇਵਾਵਾਂ ਇੱਕ ਦੰਦਾਂ ਦਾ ਡਾਕਟਰ ਲਈ ਮਨਜ਼ੂਰ ਕੀਤੀਆਂ ਗਈਆਂ ਸਨ ਅਤੇ ਤੁਸੀਂ ਆਪਣਾ ਦੰਦਾਂ ਦਾ ਡਾਕਟਰ ਬਦਲਣਾ ਚਾਹੁੰਦੇ ਹੋ, ਤਾਂ ਤੁਹਾਨੂੰ ਬਦਲਾਅ ਕਰਨ ਦੀ ਬੇਨਤੀ ਲਈ ਇੱਕ ਪੱਤਰ ਲਿਖਣਾ ਚਾਹੀਦਾ ਹੈ। ਪੂਰਵ ਪ੍ਰਮਾਣਿਕਤ ਲਈ ਬੇਨਤੀ ਕਰਨ ਲਈ ਨਵੇਂ ਦੰਦਾਂ ਦੇ ਡਾਕਟਰ ਦੀ ਬੇਨਤੀ ਨਾਲ Denti-Cal ਨੂੰ ਭੇਜਣ ਲਈ ਆਪਣਾ ਪੱਤਰ ਉਨ੍ਹਾਂ ਨੂੰ ਦਿਓ। Denti-Cal ਕਿਸੇ ਵੀ ਬਕਾਇਆ ਸੇਵਾਵਾਂ ਲਈ ਤੁਹਾਡੇ ਨਵੇਂ ਦੰਦਾਂ ਦੇ ਡਾਕਟਰ ਨੂੰ ਮਨਜ਼ੂਰੀ ਜਾਰੀ ਕਰੇਗਾ।

ਡੈਂਟਲ ਦੇਖਭਾਲ ਪ੍ਰਾਪਤ ਕਰਨਾ

ਮੈਂ ਕਿਸੇ Denti-Cal ਦੰਦਾਂ ਦੇ ਡਾਕਟਰ ਨਾਲ ਮੁਲਾਕਾਤ ਨਿਯਤ ਕਿਵੇਂ ਕਰਾਂ?

ਮੁਲਾਕਾਤ ਨਿਯਤ ਕਰਨ ਲਈ ਦੰਦਾਂ ਦੇ ਡਾਕਟਰ ਦੇ ਆਫਿਸ ਵਿਖੇ ਕਾਲ ਕਰੋ। ਦੰਦਾਂ ਦੇ ਡਾਕਟਰ ਨੂੰ ਦੱਸੋ ਕਿ ਤੁਸੀਂ Medi-Cal ਦੁਆਰਾ ਕਵਰ ਕੀਤੇ ਗਏ ਹੋ ਅਤੇ ਇਹ ਪੁਸ਼ਟੀ ਕਰਨ ਲਈ ਦੰਦਾਂ ਦੇ ਡਾਕਟਰ ਨੂੰ ਪੁੱਛੋ ਕਿ ਕੀ ਉਹ

Denti-Cal ਦੰਦਾਂ ਦਾ ਡਾਕਟਰ ਹੈ। ਜੇਕਰ ਤੁਹਾਨੂੰ ਮੁਲਾਕਾਤ ਨਿਯਤ ਕਰਵਾਉਣ ਵਿੱਚ ਮਦਦ ਦੀ ਲੋੜ ਹੋਵੇ, ਤਾਂ TSC ਨੂੰ ਕਾਲ ਕਰੋ।

ਦੰਦਾਂ ਦੇ ਡਾਕਟਰ ਕੋਲ ਜਾਣ ਵੇਲੇ ਮੈਨੂੰ ਆਪਣੇ ਨਾਲ ਕੀ ਲਿਆਉਣ ਦੀ ਲੋੜ ਹੁੰਦੀ ਹੈ?

ਆਪਣਾ BIC ਅਤੇ ਫ਼ੋਟੋ ID ਲਿਆਓ ਜਿਵੇਂ ਕਿ ਡਰਾਈਵਰ ਲਾਇਸੰਸ ਜਾਂ ਸਟੇਟ ID ਕਾਰਡ। ਧਰਮ ਦੇ ਬੱਚਿਆਂ ਦੇ ਮਾਮਲੇ ਵਿੱਚ, ਜੇਕਰ ਪਾਲਕ ਮਾਤਾ ਪਿਤਾ ਨੂੰ BIC ਪ੍ਰਾਪਤ ਨਹੀਂ ਹੋਇਆ ਹੈ, ਤਾਂ ਇੱਕ ਸੋਸ਼ਲ ਸਕਿਉਰਿਟੀ ਨੰਬਰ ਦੀ ਵਰਤੋਂ ਯੋਗਤਾ ਦੀ ਪੁਸ਼ਟੀ ਕਰਨ ਲਈ ਕੀਤੀ ਜਾ ਸਕਦੀ ਹੈ। ਜੇਕਰ ਤੁਹਾਡੇ ਕੋਲ ਹੋਰ ਡੈਂਟਲ ਕਵਰੇਜ ਹੈ, ਤਾਂ ਆਪਣੇ ਦੰਦਾਂ ਦੇ ਡਾਕਟਰ ਨੂੰ ਦਿਖਾਉਣ ਲਈ ਉਹ ਜਾਣਕਾਰੀ ਨਾਲ ਲਿਆਓ।

ਮੈਨੂੰ ਦੰਦਾਂ ਦੇ ਡਾਕਟਰ ਕੋਲ ਕਿੰਨੀ ਵਾਰ ਜਾਣਾ ਚਾਹੀਦਾ ਹੈ?

ਸਿਹਤਮੰਦ ਦੰਦ ਅਤੇ ਮਸੂੜੇ ਸਮੁੱਚੀ ਸਿਹਤ ਦਾ ਇੱਕ ਅਹਿਮ ਹਿੱਸਾ ਹਨ। ਤੁਹਾਡਾ ਦੰਦਾਂ ਦਾ ਡਾਕਟਰ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਨਿਯਮਤ ਜਾਂਚਾਂ ਕਿੰਨੀ ਵਾਰ ਮਿਲਣੀਆਂ ਚਾਹੀਦੀਆਂ ਹਨ - ਆਮ ਤੌਰ 'ਤੇ ਹਰ 6 ਤੋਂ 12 ਮਹੀਨਿਆਂ ਵਿੱਚ। ਤੁਹਾਡੀ ਨਿਯਮਤ ਜਾਂਚ ਦੇ ਹਿੱਸੇ ਵਜੋਂ, ਤੁਹਾਡਾ ਦੰਦਾਂ ਦਾ ਡਾਕਟਰ ਕਿਸੇ ਵੀ ਇਲਾਜ ਜਾਂ ਫਾਲੋ-ਅਪ ਦੌਰੇ ਲਈ ਯੋਜਨਾ ਬਣਾਵੇਗਾ ਜਿਸ ਦੀ ਤੁਹਾਨੂੰ ਲੋੜ ਹੋ ਸਕਦੀ ਹੈ।

ਜੇ ਤੁਹਾਡੀਆਂ ਅਚਨਚੇਤ ਦੰਦਾਂ ਦੀਆਂ ਸਮੱਸਿਆਵਾਂ ਜਾਂ ਤੁਹਾਡੇ ਨਿਯਮਤ ਅਨੁਸੂਚਿਤ ਦੌਰੇ ਦੇ ਵਿੱਚ ਸਮੱਸਿਆਵਾਂ ਹਨ, ਤਾਂ ਮਦਦ ਲਈ ਆਪਣੇ ਡੈਂਟਲ ਆਫਿਸ ਵਿਖੇ ਕਾਲ ਕਰੋ। ਮੂੰਹ ਦੀ ਸੱਟ ਜਾਂ ਦਰਦ ਹੋਣ ਦੀ ਸੂਰਤ ਵਿੱਚ ਆਪਣੇ ਦੰਦਾਂ ਦੇ ਡਾਕਟਰ ਨੂੰ ਤੁਰੰਤ ਕਾਲ ਕਰੋ।

ਮੇਰੇ ਬੱਚੇ ਨੂੰ ਦੰਦਾਂ ਦੇ ਡਾਕਟਰ ਕੋਲ ਕਦੋਂ ਜਾਣਾ ਚਾਹੀਦਾ ਹੈ?

ਤੁਹਾਡੇ ਬੱਚੇ ਨੂੰ ਆਪਣੇ ਪਹਿਲੇ ਦੰਦ ਦੇ ਦਿਖਾਈ ਦੇਣ 'ਤੇ ਜਾਂ ਆਪਣੇ ਪਹਿਲੇ ਜਨਮਦਿਨ 'ਤੇ ਡੈਂਟਿਸਟ ਕੋਲ ਜਾਣਾ ਚਾਹੀਦਾ ਹੈ। ਆਪਣੇ ਪਹਿਲੇ ਦੌਰੇ ਤੋਂ ਬਾਅਦ, ਤੁਹਾਡੇ ਬੱਚੇ ਨੂੰ ਜਾਂਚ ਅਤੇ ਸਫਾਈ ਕਰਨ ਸਮੇਤ ਹਰੇਕ ਛੇ ਮਹੀਨਿਆਂ ਬਾਅਦ ਡੈਂਟਲ ਜਾਂਚ ਲਈ ਜਾਣਾ ਚਾਹੀਦਾ ਹੈ। ਤੁਸੀਂ: https://www.denti-cal.ca.gov/Beneficiaries/Denti-Cal/Beneficiary_Flyers_Brochures/ 'ਤੇ Denti-Cal ਉੱਤੇ Beneficiary Ages 0-3 Dental Outreach ਬ੍ਰੋਸ਼ਰ ਵਿੱਚੋਂ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

Medi-cal ਨੇ ਅਮਰੀਕੀ ਐਸੋਸੀਏਸ਼ਨ ਆਫ਼ ਪੀਡੀਏਟਿਕ ਡੈਂਟਿਸਟਸ ਦੀ ਬਚਾਅ ਵਾਲੀਆਂ ਡੈਂਟਲ ਸੇਵਾਵਾਂ ਲਈ ਸਿਫਾਰਸ਼ ਕੀਤੀ ਅਨੁਸੂਚੀ ਦਾ ਸਮਰਥਨ ਕਰਦਾ ਹੈ, ਜੋ ਕਿ ਜ਼ਿਆਦਾਤਰ ਬੱਚਿਆਂ ਨੂੰ ਮੁਹੱਈਆ ਕਰਾਈ ਜਾ ਸਕਦੀ ਹੈ। ਵਿਸ਼ੇਸ਼ ਸਿਹਤ ਦੇਖਭਾਲ ਦੀਆਂ ਲੋੜਾਂ ਜਾਂ ਬਿਮਾਰੀਆਂ ਜਾਂ ਸਦਮੇ ਵਾਲੇ ਬੱਚਿਆਂ ਲਈ ਵੱਖਰੀਆਂ ਸੇਵਾਵਾਂ ਅਤੇ/ਜਾਂ

ਟਾਈਮਫ੍ਰੇਮਾਂ ਦੀ ਲੋੜ ਪੈ ਸਕਦੀ ਹੈ। ਤੁਹਾਡੇ ਬੱਚੇ ਦਾ ਦੰਦਾਂ ਦਾ ਡਾਕਟਰ ਤੁਹਾਡੇ ਬੱਚੇ ਲਈ ਬਚਾਅ ਦੀਆਂ ਸੇਵਾਵਾਂ ਲਈ ਸਭ ਤੋਂ ਵਧੀਆ ਸਮਾਂ ਨਿਰਧਾਰਤ ਕਰੇਗਾ।

ਮੈਨੂੰ ਕੋਈ ਅਪਾਤਕਾਲੀ ਸਥਿਤੀ ਹੋਣ 'ਤੇ ਕੀ ਹੋਵੇਗਾ?

ਨਿਯਮਤ ਵਪਾਰਕ ਘੰਟਿਆਂ ਦੌਰਾਨ, ਆਪਣੇ ਦੰਦਾਂ ਦੇ ਡਾਕਟਰ ਨੂੰ ਕਾਲ ਕਰੋ ਅਤੇ ਆਪਣੀ ਸਮੱਸਿਆ ਬਾਰੇ ਦੱਸੋ। ਜੇਕਰ ਤੁਸੀਂ ਆਪਣੇ ਦੰਦਾਂ ਦੇ ਡਾਕਟਰ ਕੋਲ ਪਹੁੰਚ ਨਹੀਂ ਕਰ ਸਕਦੇ, ਤਾਂ ਡੈਂਟਲ ਦੇਖਭਾਲ ਪ੍ਰਾਪਤ ਕਰਨ ਵਿੱਚ ਮਦਦ ਲਈ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਅਤੇ ਸ਼ਾਮ 5 ਵਜੇ ਵਿਚਕਾਰ TSC ਨੂੰ ਕਾਲ ਕਰੋ।

ਜੇਕਰ ਤੁਹਾਨੂੰ ਵਪਾਰਕ ਘੰਟਿਆਂ ਤੋਂ ਬਾਅਦ ਅਪਾਤਕਾਲੀ ਸੇਵਾਵਾਂ ਦੀ ਲੋੜ ਹੁੰਦੀ ਹੈ, ਤਾਂ ਤੁਹਾਨੂੰ ਦੰਦਾਂ ਦੇ ਡਾਕਟਰ ਦੇ ਕੰਮਕਾਜੀ ਘੰਟਿਆਂ ਤੋਂ ਬਾਅਦ ਦੇ ਜਵਾਬ ਦੇਣ ਵਾਲੇ ਸੁਨੇਹੇ ਉੱਤੇ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇ ਤੁਸੀਂ ਆਪਣੇ ਦੰਦਾਂ ਦੇ ਡਾਕਟਰ ਦੇ ਆਫਿਸ ਤੱਕ ਪਹੁੰਚਣ ਦੇ ਯੋਗ ਨਹੀਂ ਹੋ ਜਾਂ ਜੇ ਤੁਹਾਡੇ ਕੋਲ Denti-Cal ਦੰਦਾਂ ਦਾ ਡਾਕਟਰ ਨਹੀਂ ਹੈ, ਤਾਂ ਦੇਖਭਾਲ ਲਈ ਨਜ਼ਦੀਕੀ ਅਪਾਤਕਾਲੀ ਰੂਮ .ਤੇ ਜਾਓ।

"ਮੈਡੀਕਲ ਲੋੜ" ਦਾ ਕੀ ਮਤਲਬ ਹੈ?

ਮੈਡੀਕਲ ਲੋੜਾਂ ਇਹ ਨਿਰਧਾਰਤ ਕਰਨ ਲਈ ਵਰਤੇ ਜਾਂਦੇ ਮਾਪਦੰਡਾਂ ਨੂੰ ਦਰਸਾਉਂਦੀਆਂ ਹਨ ਕਿ ਕਵਰ ਕੀਤੀਆਂ ਸੇਵਾਵਾਂ ਜ਼ਰੂਰੀ ਹਨ ਅਤੇ ਦੰਦਾਂ, ਮਸੂੜਿਆਂ ਦੇ ਇਲਾਜ ਅਤੇ ਅਭਿਆਸ ਦੇ ਪੇਸ਼ੇਵਰ ਮਾਨਤਾ ਪ੍ਰਾਪਤ ਮਾਨਕਾਂ ਦੇ ਅਨੁਸਾਰ ਸਹਾਇਕ ਢਾਂਚੇ ਲਈ ਢੁਕਵੀਆਂ ਹਨ। ਹੋਰ ਜਾਣਕਾਰੀ ਲਈ ਪੰਨੇ 30 'ਤੇ ਡੈਂਟਲ ਸ਼ਰਤਾਂ ਅਤੇ ਹੋਰ ਪਰਿਭਾਸ਼ਾਵਾਂ 'ਤੇ ਜਾਓ।

ਜੇ ਮੈਂ ਦੂਜੀ ਰਾਏ ਲੈਣੀ ਚਾਹੁੰਦਾ/ਚਾਹੁੰਦੀ ਹਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਇੱਕ ਡੈਂਟਲ ਪ੍ਰਕਿਰਿਆ ਚਾਹੁੰਦੇ ਹੋ ਜੋ ਤੁਹਾਡਾ ਦੰਦਾਂ ਦਾ ਡਾਕਟਰ ਦੱਸਦਾ ਹੈ ਕਿ ਤੁਸੀਂ ਮੈਡੀਕਲ ਲੋੜ ਲਈ ਯੋਗ ਨਹੀਂ ਹੋ, ਤਾਂ ਤੁਸੀਂ ਆਪਣੇ ਡੈਂਟਲ ਇਲਾਜ ਬਾਰੇ ਦੂਜੀ ਰਾਏ ਮੰਗ ਸਕਦੇ ਹੋ। TSC ਨਾਲ ਸੰਪਰਕ ਕਰੋ ਅਤੇ ਕੋਈ ਵੱਖਰਾ ਦੰਦਾਂ ਦਾ ਡਾਕਟਰ ਲੱਭਣ ਵਿੱਚ ਮਦਦ ਲਈ ਕਹੋ।

Denti-Cal ਮੈਨੂੰ ਹੋਰ ਦੰਦਾਂ ਦੇ ਡਾਕਟਰ ਕੋਲ ਡੈਂਟਲ ਜਾਂਚ ਕਰਵਾਉਣ ਲਈ ਕਿਉਂ ਕਹਿ ਰਿਹਾ ਹੈ?

Denti-Cal ਤੋਂ ਤੁਹਾਨੂੰ "ਡੈਂਟਲ ਜਾਂਚ ਲਈ ਨਿਯੁਕਤੀ ਦਾ ਨੋਟਿਸ" ਮਿਲ ਸਕਦਾ ਹੈ ਜਿਸ ਵਿੱਚ ਤੁਹਾਨੂੰ ਡੈਂਟਲ ਜਾਂਚ ਲਈ ਮੁਲਾਕਾਤ ਕਰਨ ਲਈ ਕਿਹਾ ਜਾ ਰਿਹਾ ਹੋਵੇਗਾ। ਕਿਰਪਾ ਕਰਕੇ ਅਜਿਹਾ ਕਰਨ ਲਈ ਹਰੇਕ ਕੋਸ਼ਿਸ਼ ਕਰੋ। ਤੁਹਾਡੀ

ਤਰਫ਼ੋ ਮੁਲਾਕਾਤ ਇਹ ਯਕੀਨੀ ਕਰਨ ਲਈ ਕੀਤੀ ਗਈ ਹੈ ਕਿ ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਬੇਨਤੀ ਕੀਤਾ ਗਿਆ ਇਲਾਜ ਪ੍ਰਮਾਣਿਕਤਾ ਲਈ ਮਨਜ਼ੂਰ ਕੀਤਾ ਜਾ ਸਕਦਾ ਹੈ ਜਾਂ ਨਹੀਂ।

ਮੁਲਾਕਾਤ ਲਗਭਗ 15 ਮਿੰਟਾਂ ਵਿੱਚ ਸਮਾਪਤ ਹੋ ਜਾਵੇਗੀ। ਸਕ੍ਰੀਨਿੰਗ ਕਰਨ ਵਾਲੇ ਦੰਦਾਂ ਦੇ ਡਾਕਟਰ ਵੱਲੋਂ ਕੋਈ ਡੈਂਟਲ ਕਾਰਜ ਪ੍ਰਦਾਨ ਨਹੀਂ ਕੀਤਾ ਜਾਵੇਗਾ। ਤੁਹਾਨੂੰ ਮੁਲਾਕਾਤ ਲਈ ਕੋਈ ਪੈਸਾ ਦੇਣ ਦੀ ਲੋੜ ਨਹੀਂ ਹੁੰਦੀ ਹੈ। ਮੁਲਾਕਾਤ ਦੇ ਸਮਾਪਤ ਹੋਣ ਤੋਂ ਬਾਅਦ ਦੰਦਾਂ ਦਾ ਡਾਕਟਰ Denti-Cal ਨੂੰ ਵਾਪਸ ਰਿਪੋਰਟ ਕਰੇਗਾ। ਰਿਪੋਰਟ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਇੱਕ ਸਾਧਨ ਵਜੋਂ ਕੀਤੀ ਜਾਏਗੀ ਕਿ ਕੀ ਸੇਵਾਵਾਂ ਨੂੰ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ ਜਾ ਨਹੀਂ।

ਜੇਕਰ ਤੁਸੀਂ ਹਾਜ਼ਰ ਨਹੀਂ ਹੋ ਸਕਦੇ, ਤਾਂ ਕਿਰਪਾ ਕਰਕੇ ਮੁਲਾਕਾਤ ਤੋਂ ਘੱਟੋ-ਘੱਟ ਦੋ ਦਿਨ ਪਹਿਲਾਂ TSC ਨੂੰ ਕਾਲ ਕਰੋ। ਜੇਕਰ ਤੁਸੀਂ ਹਾਜ਼ਰ ਨਹੀਂ ਹੁੰਦੇ ਅਤੇ Denti-Cal ਨੂੰ ਸੂਚਿਤ ਨਹੀਂ ਕਰਦੇ, ਤਾਂ ਬੇਨਤੀ ਕੀਤੀਆਂ ਸੇਵਾਵਾਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਧਿਆਨ ਵਿੱਚ ਰੱਖਣ ਲਈ ਕੁਝ ਮਹੱਤਵਪੂਰਨ ਸੁਝਾਅ:

- ਆਪਣੀ ਮੁਲਾਕਾਤ ਲਈ ਸਮੇਂ ਸਿਰ ਪਹੁੰਚੋ। ਜੇਕਰ ਤੁਸੀਂ ਦੇਰੀ ਨਾਲ ਆਉਂਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਡੀ ਮੁਲਾਕਾਤ ਨੂੰ ਮੁੜ-ਨਿਯਤ ਕੀਤਾ ਜਾਵੇ।
- ਜੇ ਤੁਹਾਡੀ ਮੁਲਾਕਾਤ ਬਣਾਉਟੀ ਦੰਦਾਂ ਦੇ ਸੰਬੰਧ ਵਿਚ ਹੈ, ਅਤੇ ਤੁਹਾਡੇ ਦੰਦਾਂ ਦੇ ਡਾਕਟਰ ਨੇ ਨਵੇਂ ਬਣਾਉਟੀ ਦੰਦਾਂ ਦੇ ਸੈੱਟ ਦੀ ਬੇਨਤੀ ਕੀਤੀ ਹੈ, ਤਾਂ ਮੁਲਾਕਾਤ ਵੇਲੇ ਉਨ੍ਹਾਂ ਬਣਾਉਟੀ ਦੰਦਾਂ ਨੂੰ ਲਿਆਓ ਜਿਨ੍ਹਾਂ ਨੂੰ ਤੁਸੀਂ ਵਰਤਮਾਨ ਵਿੱਚ ਵਰਤ ਰਹੇ ਹੁੰਦੇ ਹੋ।
- ਜੇਕਰ ਤੁਸੀਂ TSC ਨੂੰ ਕਾਲ ਕਰਦੇ ਹੋ, ਤਾਂ ਕਾਲ ਕਰਨ ਵੇਲੇ ਪੱਤਰ ਦੇ ਹੇਠਲੇ ਸੱਜੇ ਕੋਨੇ 'ਤੇ ਸਥਿਤ "ਸਕ੍ਰੀਨਿੰਗ #" ਨੂੰ ਦੇਖੋ।
- ਆਫਿਸ ਦਾ ਫ਼ੋਨ ਨੰਬਰ ਸਿਰਫ ਨਿਰਦੇਸ਼ਾਂ ਲਈ ਪੱਤਰ ਵਿੱਚ ਸ਼ਾਮਲ ਕੀਤਾ ਗਿਆ ਹੈ। ਕਿਸੇ ਵੀ ਹੋਰ ਸਵਾਲਾਂ ਲਈ Denti-Cal TSC ਨੂੰ ਕਾਲ ਕਰੋ।
- ਸਕ੍ਰੀਨਿੰਗ ਕਰਨ ਵਾਲਾ ਦੰਦਾਂ ਦਾ ਡਾਕਟਰ ਆਪਣੀਆਂ ਸਿਫ਼ਾਰਿਸ਼ਾਂ ਜਾਂ ਸੇਵਾਵਾਂ ਨੂੰ ਮਨਜ਼ੂਰ ਕੀਤਾ ਜਾਵੇਗਾ ਜਾਂ ਇਨਕਾਰ ਕੀਤਾ ਜਾਵੇਗਾ, ਇਸ ਬਾਰੇ ਵਿਚਾਰ ਨਹੀਂ ਕਰ ਸਕੇਗਾ।

ਕੀ ਹੋਵੇਗਾ ਜੇਕਰ ਮੈਨੂੰ ਦੰਦਾਂ ਦੇ ਡਾਕਟਰ ਨਾਲ ਨਿਯਤ ਮੁਲਾਕਾਤ ਨੂੰ ਰੱਦ ਕਰਨਾ ਪਵੇ?

ਜੇ ਤੁਸੀਂ ਮੁਲਾਕਾਤ ਬਰਕਰਾਰ ਨਹੀਂ ਰੱਖ ਸਕਦੇ ਹੋ, ਤਾਂ ਰੱਦ ਕਰਨ ਲਈ ਘੱਟੋ ਘੱਟ ਇੱਕ ਦਿਨ ਪਹਿਲਾਂ ਜਾਂ ਜਿੰਨੀ ਛੇਤੀ ਸੰਭਵ ਹੋ ਸਕੇ, ਦੰਦਾਂ ਦੇ ਡਾਕਟਰ ਦਾ ਆਫਿਸ ਵਿਖੇ ਕਾਲ ਕਰੋ। ਦੰਦਾਂ ਦੇ ਡਾਕਟਰ ਦੇ ਆਫਿਸ ਵਿਖੇ ਤੁਹਾਡੀ ਮੁਲਾਕਾਤ ਨੂੰ ਦੁਬਾਰਾ ਨਿਯਤਕਰਨ ਵਿੱਚ ਤੁਹਾਡੀ ਮਦਦ ਕੀਤੀ ਜਾ ਸਕਦੀ ਹੈ।

ਕੈਲੀਫੋਰਨੀਆਂ ਜਾਂ ਦੇਸ਼ ਤੋਂ ਬਾਹਰ ਹੋਣ ਦੌਰਾਨ ਜੇਕਰ ਮੈਨੂੰ ਡੈਂਟਲ ਸੇਵਾਵਾਂ ਦੀ ਲੋੜ ਪੈਂਦੀ ਹੈ ਤਾਂ ਕੀ ਹੋਵੇਗਾ?

ਕੈਲੀਫੋਰਨੀਆ ਦੇ ਬਾਰਡਰ ਦੇ ਨਾਲ ਕੁਝ ਰਾਜ ਅਜਿਹੇ ਹਨ ਜਿੱਥੇ Medi-Cal ਉਪਲਬਧ ਹੈ। ਤੁਸੀਂ ਉਨ੍ਹਾਂ ਬਾਰਡਰ ਦੇ ਖੇਤਰਾਂ ਵਿੱਚ ਕਿਸੇ ਵੀ Medi-Cal ਦੰਦਾਂ ਦੇ ਡਾਕਟਰ ਤੋਂ ਕਵਰ ਕੀਤੀਆਂ ਡੈਂਟਲ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ।

ਅਪਾਤਕਾਲੀ ਸਥਿਤੀਆਂ ਤੋਂ ਇਲਾਵਾ ਬਾਕੀ ਸਾਰੀਆਂ ਰਾਜ ਤੋਂ ਬਾਹਰਲੀਆਂ ਸੇਵਾਵਾਂ ਲਈ ਪੂਰਵ ਪ੍ਰਮਾਣਿਕਤਾ ਦੀ ਲੋੜ ਹੁੰਦੀ ਹੈ। ਤੁਸੀਂ ਮਦਦ ਲਈ TSC ਨੂੰ ਕਾਲ ਕਰ ਸਕਦੇ ਹੋ। ਦੇਸ਼ ਤੋਂ ਬਾਹਰ ਦਿੱਤੀਆਂ ਗਈਆਂ ਡੈਂਟਲ ਸੇਵਾਵਾਂ ਨੂੰ Medi-Cal ਦੁਆਰਾ ਕਵਰ ਨਹੀਂ ਕੀਤਾ ਜਾਂਦਾ ਹੈ, ਸਿਵਾਏ ਕਿ ਐਮਰਜੈਂਸੀ ਸੇਵਾਵਾਂ ਲਈ ਤੁਹਾਨੂੰ ਕੈਨੇਡਾ ਜਾਂ ਮੈਕਸੀਕੋ ਵਿੱਚ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਹੋਣ 'ਤੇ।

ਡੈਂਟਲ ਸੇਵਾਵਾਂ ਦੀ ਲਾਗਤ

ਕੀ ਮੈਨੂੰ ਆਪਣੀ ਡੈਂਟਲ ਦੇਖਭਾਲ ਲਈ ਕੁਝ ਵੀ ਭੁਗਤਾਨ ਕਰਨ ਦੀ ਲੋੜ ਹੈ?

Medi-Cal ਡੈਂਟਲ ਪ੍ਰੋਗਰਾਮ ਦੇ ਲਾਭਾਂ ਦੇ ਦਾਇਰੇ ਵਿੱਚ ਸ਼ਾਮਲ ਸੇਵਾਵਾਂ ਤੁਹਾਡੇ ਤੋਂ ਖਰਚਾ ਨਹੀਂ ਲੈਂਦੀਆਂ ਹਨ, ਜਦੋਂ ਤੱਕ ਤੁਹਾਡੇ ਕੋਲ ਲਾਗਤ ਦੇ ਹਿੱਸੇ ਨਾਲ Medi-Cal ਦੀ ਕਵਰੇਜ ਨਾ ਹੋਵੇ। ਤੁਸੀਂ "ਮੇਰਾ Medi-Cal" ਕਿਤਾਬਚੇ (ਪ੍ਰਕਾ. 68) ਵਿੱਚ ਆਪਣੇ ਖ਼ਰਚੇ ਦੇ ਹਿੱਸੇ ਬਾਰੇ ਜਾਣ ਸਕਦੇ ਹੋ ਜੋ ਤੁਸੀਂ ਆਪਣੇ ਨਵੇਂ Medi-Cal ਨਾਮਾਂਕਨ ਪੈਕੇਟ ਨਾਲ ਪ੍ਰਾਪਤ ਕੀਤਾ ਹੈ। ਤੁਸੀਂ ਉਸ ਕਿਤਾਬਚੇ ਨੂੰ ਇੱਥੇ ਵੀ ਐਕਸੈਸ ਕਰ ਸਕਦੇ ਹੋ:
http://www.dhcs.ca.gov/Pages/myMedi-Cal.aspx

ਤੁਹਾਡੇ ਦੰਦਾਂ ਦੇ ਡਾਕਟਰ ਵੱਲੋਂ ਇਹ ਪੁਸ਼ਟੀ ਕੀਤੇ ਜਾਣ ਤੋਂ ਬਾਅਦ ਕਿ ਤੁਸੀਂ Medi-Cal ਡੈਂਟਲ ਸੇਵਾਵਾਂ ਲਈ ਯੋਗ ਹੋ, ਦੰਦਾਂ ਦਾ ਡਾਕਟਰ ਤੁਹਾਨੂੰ ਕਵਰ ਕੀਤੀਆਂ ਸੇਵਾਵਾਂ ਲਈ ਕਿਸੇ ਵੀ ਸਹਿ-ਭੁਗਤਾਨ ਜਾਂ ਲਾਗਤ ਦੀ ਰਕਮ ਦਾ ਭੁਗਤਾਨ ਕਰਨ ਲਈ ਕਹਿ ਸਕਦਾ ਹੈ। ਤੁਹਾਡਾ ਦੰਦਾਂ ਦਾ ਡਾਕਟਰ ਸੇਵਾਵਾਂ ਲਈ ਤੁਹਾਨੂੰ ਖਰਚਾ ਪਾ ਸਕਦਾ ਹੈ ਜੇ ਤੁਸੀਂ ਉਸ

ਇਲਾਜ ਦਾ ਫੈਸਲਾ ਕਰਦੇ ਹੋ ਜਿਸ ਨੂੰ Medi-Cal ਪ੍ਰੋਗਰਾਮ ਦੁਆਰਾ ਕਵਰ ਨਹੀਂ ਕੀਤਾ ਗਿਆ ਹੈ ਜਾਂ ਤੁਸੀਂ 21 ਸਾਲ ਜਾਂ ਵੱਧ ਉਮਰ ਦੇ ਹੋ ਅਤੇ ਵਿਆਪਕ ਔਰਥੋਡੋਂਟਿਕ ਇਲਾਜ (ਬ੍ਰੇਸਿਜ਼) ਚਾਹੁੰਦੇ ਹੋ।

ਸਹਿ-ਭੁਗਤਾਨ ਕੀ ਹੈ?

ਕੁਝ Medi-Cal ਸੇਵਾਵਾਂ ਦਾ ਛੋਟਾ ਸਹਿ-ਭੁਗਤਾਨ ਹੁੰਦਾ ਹੈ। ਤੁਹਾਡੀ ਮੁਲਾਕਾਤ 'ਤੇ ਦੰਦਾਂ ਦਾ ਡਾਕਟਰ ਕੋਈ ਵੀ ਸਹਿ-ਭੁਗਤਾਨ ਇਕੱਤਰ ਕਰੇਗਾ। ਹੇਠਾਂ ਸਹਿ-ਭੁਗਤਾਨ ਲਈ ਮਾਪਦੰਡ ਵੇਖੋ।

Medi-Cal ਸਹਿ-ਭੁਗਤਾਨ ਮਾਪਦੰਡ		
ਸੇਵਾਵਾਂ ਸਹਿ-ਭੁਗਤਾਨ ਦੇ ਅਧੀਨ ਹਨ	**ਫੀਸ ਦਾ ਸਹਿ-ਭੁਗਤਾਨ ਕਰੋ**	**ਫੀਸ ਲਈ ਛੋਟਾਂ**
ਆਪਾਤਕਾਲੀ ਰੂਮ ਵਿੱਚ ਪ੍ਰਦਾਨ ਕੀਤੀਆਂ ਗੈਰ-ਆਪਾਤਕਾਲੀ ਸੇਵਾਵਾਂ: "ਕੋਈ ਵੀ ਸੇਵਾ ਮੈਡੀਕਲ ਸਥਿਤੀਆਂ ਦੇ ਤੁਰੰਤ ਨਿਦਾਨ ਅਤੇ ਇਲਾਜ ਜਾਂ ਤੇਜ਼ ਦਰਦ ਤੋਂ ਰਾਹਤ ਲਈ ਲੋੜੀਂਦੀ ਨਹੀਂ ਹੁੰਦੀ ਹੈ, ਜੇਕਰ ਤੁਰੰਤ ਨਿਦਾਨ ਅਤੇ ਇਲਾਜ ਨਹੀਂ ਕੀਤਾ ਜਾਂਦਾ ਹੈ, ਤਾਂ ਅਪੰਗਤਾ ਜਾਂ ਮੌਤ ਹੋ ਜਾਵੇਗੀ।" ਵਜੋਂ ਗੈਰ-ਆਪਾਤਕਾਲੀ ਸੇਵਾ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ ਕਿਸੇ ਆਪਾਤਕਾਲ ਰੂਮ ਵਿੱਚ ਪ੍ਰਦਾਨ ਕੀਤੀਆਂ ਗਈਆਂ ਅਜਿਹੀਆਂ ਸੇਵਾਵਾਂ ਸਹਿ-ਭੁਗਤਾਨ ਦੇ ਅਧੀਨ ਹੁੰਦੀਆਂ ਹਨ।	$5.00	1. 18 ਜਾਂ ਇਸ ਤੋਂ ਘੱਟ ਉਮਰ ਦੇ ਵਿਅਕਤੀ। 2. ਗਰਭ ਅਵਸਥਾ ਅਤੇ ਜਾਪੇ ਤੋਂ ਇੱਕ ਮਹੀਨਾ ਬਾਅਦ ਦੇ ਦੌਰਾਨ ਦੇਖਭਾਲ ਪ੍ਰਾਪਤ ਕਰਦੀ ਕੋਈ ਵੀ ਮਹਿਲਾ। 3. ਵਿਅਕਤੀ ਜੋ ਸਿਹਤ ਸੁਵਿਧਾ (ਹਸਪਤਾਲ, ਕੁਸ਼ਲ ਨਰਸਿੰਗ ਸੁਵਿਧਾ, ਇੰਡਰਮੀਡੀਏਟ ਸੰਭਾਲ ਸੁਵਿਧਾ) ਵਿੱਚ ਹਨ। 4. AFDC-ਫੋਸਟਰ ਦੇਖਭਾਲ ਵਿੱਚ ਕੋਈ ਬੱਚਾ। 5. ਕੋਈ ਵੀ ਸੇਵਾ ਜਿਸ ਲਈ ਪ੍ਰੋਗਰਾਮ ਦਾ ਭੁਗਤਾਨ $10 ਜਾਂ ਘੱਟ ਹੈ।
ਆਊਟਪੇਸ਼ੇਂਟ ਸੇਵਾਵਾਂ: ਫਿਜ਼ਿਸ਼ੀਅਨ, ਓਪਟੋਮੇਟ੍ਰਿਕ, ਕਾਇਰੋਪ੍ਰੈਕਟਿਕ, ਸਾਇਕੋਲੋਜੀ, ਬੋਲਣ ਦੀ ਥੈਰੇਪੀ, ਆਡਿਓਲੋਜੀ,	$1.00	1. 18 ਜਾਂ ਇਸ ਤੋਂ ਘੱਟ ਉਮਰ ਦੇ ਵਿਅਕਤੀ।

Medi-Cal ਸਹਿ-ਭੁਗਤਾਨ ਮਾਪਦੰਡ		
ਸੇਵਾਵਾਂ ਸਹਿ-ਭੁਗਤਾਨ ਦੇ ਅਧੀਨ ਹਨ	**ਫੀਸ ਦਾ ਸਹਿ-ਭੁਗਤਾਨ ਕਰੋ**	**ਫੀਸ ਲਈ ਛੋਟਾਂ**
ਇਕੁਏਪੰਕਚਰ, ਓਕਿਊਪੇਸ਼ਨਲ ਥੈਰੇਪੀ, ਪੈਡਿਏਟ੍ਰਿਕ, ਸਰਜੀਕਲ ਸੈਂਟਰ, ਹਸਪਤਾਲ ਜਾਂ ਕਲੀਨਿਕ ਆਊਟਪੇਸ਼ੇਂਟ, ਸਰੀਰਕ ਥੈਰੇਪੀ ਅਤੇ ਡੈਂਟਲ।		2. ਗਰਭ ਅਵਸਥਾ ਅਤੇ ਜਾਪੇ ਤੋਂ ਇੱਕ ਮਹੀਨਾ ਬਾਅਦ ਦੇ ਦੌਰਾਨ ਦੇਖਭਾਲ ਪ੍ਰਾਪਤ ਕਰਦੀ ਕੋਈ ਵੀ ਮਹਿਲਾ। 3. ਵਿਅਕਤੀ ਜੋ ਸਿਹਤ ਸੁਵਿਧਾ (ਹਸਪਤਾਲ, ਕੁਸ਼ਲ ਨਰਸਿੰਗ ਸੁਵਿਧਾ, ਇੰਡਰਮੀਡੀਏਟ ਸੰਭਾਲ ਸੁਵਿਧਾ) ਵਿੱਚ ਹਨ। 4. AFDC-ਫੋਸਟਰ ਦੇਖਭਾਲ ਵਿੱਚ ਕੋਈ ਬੱਚਾ 5. ਕੋਈ ਵੀ ਸੇਵਾ ਜਿਸ ਲਈ ਪ੍ਰੋਗਰਾਮ ਦਾ ਭੁਗਤਾਨ $10 ਜਾਂ ਘੱਟ ਹੈ।
ਡਾਕਟਰ ਦੁਆਰਾ ਲਿਖੀਆਂ ਦਵਾਈਆਂ: ਡਾਕਟਰ ਦੁਆਰਾ ਲਿਖੀ ਹਰੇਕ ਦਵਾਈ ਜਾਂ ਰਿਫਿੱਲ।	$1.00	ਉੱਪਰ ਸੂਚੀਬੱਧ ਸਭ, ਨਾਲ ਹੀ 65 ਜਾਂ ਇਸ ਤੋਂ ਵੱਧ ਉਮਰ ਦਾ ਵਿਅਕਤੀ।

ਜੇਕਰ ਮੈਂ ਮੇਰੀ ਮੁਲਾਕਾਤ 'ਤੇ ਜਾਂਦਾ ਹਾਂ ਅਤੇ ਮੈਂ ਸਹਿ-ਭੁਗਤਾਨ ਦਾ ਭੁਗਤਾਨ ਨਹੀਂ ਕਰ ਸਕਦਾ/ਸਕਦੀ ਤਾਂ ਕੀ ਹੁੰਦਾ ਹੈ?

ਜੇਕਰ ਤੁਸੀਂ ਆਪਣੀ ਮੁਲਾਕਾਤ 'ਤੇ ਸਹਿ-ਭੁਗਤਾਨ ਦਾ ਭੁਗਤਾਨ ਨਹੀਂ ਕਰ ਸਕਦੇ ਤਾਂ Medi-Cal ਦੰਦਾਂ ਦਾ ਡਾਕਟਰ ਤੁਹਾਡਾ ਇਲਾਜ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ। ਇਹ ਲਾਗਤ ਰਕਮ ਦੇ ਹਿੱਸੇ ਤੋਂ ਵੱਖ ਹੁੰਦੀ ਹੈ।

ਮੈਨੂੰ ਕੀ ਕਰਨਾ ਚਾਹੀਦਾ ਹੈ ਜੇਕਰ ਮੈਂ ਉਸ ਸੇਵਾ ਲਈ ਭੁਗਤਾਨ ਕੀਤਾ ਹੈ ਜਿਸ ਲਈ ਮੈਂ ਭੁਗਤਾਨ ਨਹੀਂ ਕਰਨਾ ਸੀ?

ਤੁਹਾਡੀ ਸਥਿਤੀ ਵਿੱਚ ਮਦਦ ਕਰਨ ਲਈ TSC ਨੂੰ ਕਾਲ ਕਰੋ। ਜੇਕਰ ਤੁਹਾਡੇ ਤੋਂ ਖਰਚਾ ਲਿਆ ਗਿਆ ਸੀ, ਜਾਂ ਫਿਰ ਤੁਸੀਂ ਉਸ ਡੈਂਟਲ ਪ੍ਰਕਿਰਿਆ ਲਈ ਭੁਗਤਾਨ ਕੀਤਾ ਹੈ ਜੋ ਤੁਹਾਡੀ ਸਹਾਇਤਾ ਦੇ ਕੋਡ 'ਤੇ ਆਧਾਰਿਤ Medi-Cal ਪ੍ਰੋਗਰਾਮ ਦਾ ਲਾਭ ਹੈ, ਤਾਂ ਅਸੀਂ ਤੁਹਾਨੂੰ ਰੀਫੰਡ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੇ ਹਾਂ।

ਮੈਨੂੰ ਕੀ ਕਰਨਾ ਚਾਹੀਦਾ ਹੈ ਜੇਕਰ ਮੈਂ ਉਸ ਸੇਵਾ ਲਈ ਭੁਗਤਾਨ ਕੀਤਾ ਹੈ ਜਿਸ ਲਈ ਮੈਂ ਭੁਗਤਾਨ ਨਹੀਂ ਕਰਨਾ ਹੈ?

ਤੁਹਾਡੀ ਖਾਸ ਸਥਿਤੀ ਵਿੱਚ ਮਦਦ ਕਰਨ ਲਈ TSC ਨੂੰ ਕਾਲ ਕਰੋ। ਜੇਕਰ ਤੁਹਾਡੇ ਤੋਂ ਖਰਚਾ ਲਿਆ ਗਿਆ ਸੀ, ਜਾਂ ਉਸ ਡੈਂਟਲ ਪ੍ਰਕਿਰਿਆ ਲਈ ਭੁਗਤਾਨ ਕੀਤਾ ਹੈ ਜੋ ਤੁਹਾਡੀ ਸਹਾਇਤਾ ਦੇ ਕੋਡ 'ਤੇ ਆਧਾਰਿਤ Medi-Cal ਪ੍ਰੋਗਰਾਮ ਦਾ ਲਾਭ ਹੈ, ਅਸੀਂ ਤੁਹਾਨੂੰ ਭੁਗਤਾਨ ਮੁੜ-ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੇ ਹਾਂ।

ਜੇਕਰ ਮੈਨੂੰ ਦੰਦਾਂ ਦੇ ਡਾਕਟਰ ਤੋਂ ਇੱਕ ਬਿੱਲ ਪ੍ਰਾਪਤ ਹੋ ਜਾਵੇ ਤਾਂ ਕੀ ਹੋਵੇਗਾ?

ਪਹਿਲਾਂ, ਤੁਹਾਨੂੰ ਆਪਣੇ ਡੈਂਟਲ ਆਫ਼ਿਸ ਵਿੱਚ ਕਾਲ ਕਰਨੀ ਚਾਹੀਦੀ ਹੈ ਅਤੇ ਉਹਨਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਉਹਨਾਂ ਨੇ ਤੁਹਾਨੂੰ ਬਿੱਲ ਕਿਉਂ ਭੇਜਿਆ ਹੈ। ਡੈਂਟਲ ਆਫ਼ਿਸ ਖਰਚਿਆਂ ਬਾਰੇ ਵਿਸਤਾਰ ਨਾਲ ਦੱਸੇਗਾ ਕਿ ਉਹ ਤੁਹਾਨੂੰ ਭੁਗਤਾਨ ਕਰਨ ਲਈ ਕਿਉਂ ਕਹਿ ਰਹੇ ਹਨ। ਉਦਾਹਰਨ ਲਈ, ਤੁਹਾਡੇ ਕੋਲ ਲਾਗਤ ਰਕਮ ਦਾ ਹਿੱਸਾ ਹੈ, ਤੁਹਾਨੂੰ ਉਸ ਰਕਮ ਦਾ ਭੁਗਤਾਨ Denti-Cal ਨੂੰ ਦੰਦਾਂ ਦੇ ਡਾਕਟਰ ਵੱਲੋਂ ਇਲਾਜ ਲਈ ਭੁਗਤਾਨ ਕਰਨ ਲਈ ਕਹੇ ਜਾ ਸਕਣ ਤੋਂ ਪਹਿਲਾਂ ਭੁਗਤਾਨ ਕਰਨਾ ਹੋਵੇਗਾ। ਜਾਂ, ਜੇਕਰ ਤੁਸੀਂ ਕੋਈ ਅਜਿਹਾ ਇਲਾਜ ਕਰਵਾਉਂਦੇ ਹੋ ਜੋ Medi-Cal ਜਾਂ ਹੋਰ ਇੰਸ਼ੋਰੈਂਸ ਦੇ ਤਹਿਤ ਨਹੀਂ ਆਉਂਦਾ ਹੈ, ਤੁਹਾਨੂੰ ਉਸ ਇਲਾਜ ਲਈ ਦੰਦਾਂ ਦੇ ਡਾਕਟਰ ਨੂੰ ਭੁਗਤਾਨ ਕਰਨਾ ਪਵੇਗਾ।

ਜੇਕਰ ਤੁਹਾਡੇ ਮਨ ਵਿੱਚ ਹਾਲੇ ਵੀ ਇਸ ਬਾਰੇ ਸਵਾਲ ਹਨ ਕਿ ਦੰਦਾਂ ਦਾ ਡਾਕਟਰ ਤੁਹਾਡੇ ਤੋਂ ਖਰਚਾ ਕਿਉਂ ਵਸੂਲ ਰਿਹਾ ਹੈ ਅਤੇ/ਜਾਂ Medi-Cal ਕਿਸ ਲਈ ਭੁਗਤਾਨ ਕਰਦਾ ਹੈ, ਤਾਂ TSC ਨੂੰ ਕਾਲ ਕਰੋ।

ਕੀ ਹੋਵੇਗਾ ਜੇਕਰ ਮੇਰੇ ਕੋਲ ਕੋਈ ਦੂਜਾ ਡੈਂਟਲ ਇੰਸ਼ੋਰੈਂਸ ਹੈ?

ਤੁਹਾਡੇ ਦੰਦਾਂ ਦੇ ਡਾਕਟਰ ਨੂੰ ਕਿਸੇ ਵੀ ਇਲਾਜ ਦੇ ਭੁਗਤਾਨ ਲਈ Denti-Cal ਨੂੰ ਕਹਿਣ ਤੋਂ ਪਹਿਲਾਂ ਤੁਹਾਡੇ ਹੋਰ ਡੈਂਟਲ ਇੰਸ਼ੋਰੈਂਸ ਨੂੰ ਬਿੱਲ ਭੇਜਣਾ ਲਾਜ਼ਮੀ ਹੈ। ਹੋਰ ਸਰਕਾਰੀ ਪ੍ਰੋਗਰਾਮਾਂ, TRICARE (CHAMPUS) ਜਾਂ ਕਰਮਚਾਰੀ ਮੁਆਵਜ਼ੇ

ਸਮੇਤ ਹੋਰ ਡੈਂਟਲ ਇੰਸ਼ੋਰੈਂਸ ਰਾਹੀਂ ਤੁਹਾਨੂੰ ਪ੍ਰਾਪਤ ਹੋਣ ਵਾਲੇ ਕਿਸੇ ਵੀ ਲਾਭ ਲਈ Medi-Cal ਡੈਂਟਲ ਪ੍ਰੋਗਰਾਮ ਭੁਗਤਾਨ ਨਹੀਂ ਕਰਦਾ ਹੈ। Medi-Cal ਦੇ ਤਹਿਤ ਪ੍ਰਦਾਨ ਕੀਤੀ ਗਈ ਕਵਰੇਜ ਹੋਰ ਸਭ ਕਵਰੇਜ ਲਈ ਸਕੈਂਡਰੀ ਹੁੰਦੀ ਹੈ।

ਜੇਕਰ ਤੁਹਾਡੇ ਕੋਲ ਹੋਰ ਡੈਂਟਲ ਇੰਸ਼ੋਰੈਂਸ ਹੈ ਜੋ Denti-Cal ਦੁਆਰਾ ਕਵਰ ਕੀਤੀ ਜਾਣ ਵਾਲੀ ਸੇਵਾ ਲਈ ਭੁਗਤਾਨ ਨਹੀਂ ਕਰਦਾ ਹੈ, ਜਾਂ Denti-Cal ਦੁਆਰਾ ਭੁਗਤਾਨ ਕੀਤੀ ਗਈ ਰਕਮ ਤੋਂ ਘੱਟ ਭੁਗਤਾਨ ਕਰਦਾ ਹ, ਤਾਂ ਤੁਹਾਡਾ ਦੰਦਾਂ ਦਾ ਡਾਕਟਰ ਕੋਈ ਵੀ ਨਾ ਭੁਗਤਾਨ ਕੀਤੀ ਗਈ ਰਕਮ ਲਈ Denti-Cal ਨੂੰ ਦਾਅਵਾ ਭੇਜੇਗਾ। ਤੁਹਾਡਾ ਦੰਦਾਂ ਦਾ ਡਾਕਟਰ ਤੁਹਾਨੂੰ ਅਜਿਹੇ ਕਿਸੇ ਵੀ ਇਲਾਜ ਲਈ ਭੁਗਤਾਨ ਕਰਨ ਵਾਸਤੇ ਨਹੀਂ ਕਹਿ ਸਕਦਾ ਜੋ Denti-Cal ਦੁਆਰਾ ਕਵਰ ਕੀਤਾ ਜਾਂਦਾ ਹੈ।

ਆਵਾਜਾਈ ਅਤੇ ਹੋਰ ਸੇਵਾਵਾਂ

ਜੇਕਰ ਮੇਰੇ ਕੋਲ ਕੋਈ ਸਵਾਰੀ ਨਹੀਂ ਹੈ, ਤਾਂ ਮੈਂ ਦੰਦਾਂ ਦੇ ਡਾਕਟਰ ਦੇ ਆਫ਼ਿਸ ਵਿੱਚ ਕਿਵੇਂ ਪਹੁੰਚ ਸਕਦਾ/ਸਕਦੀ ਹਾਂ?

Medi-Cal ਤੁਹਾਨੂੰ ਮੈਡੀਕਲ, ਮੈਂਟਲ ਹੈਲਥ, ਸਬਸਟੈਂਸ ਵਰਤੋਂ, ਜਾਂ ਡੈਂਟਲ ਮੁਲਾਕਾਤਾਂ ਲਈ ਵਾਹਨ ਦੀ ਮਦਦ ਕਰ ਸਕਦਾ ਹੈ ਜਦੋਂ ਇਹ ਸਭ ਮੁਲਾਕਾਤਾਂ Medi-Cal ਦੁਆਰਾ ਕਵਰ ਕੀਤੀਆਂ ਜਾਂਦੀਆਂ ਹਨ। ਸਵਾਰੀਆਂ ਨੌਨ-ਮੈਡੀਕਲ ਟ੍ਰਾਂਸਪੋਰਟੇਸ਼ਨ (NMT) ਜਾਂ ਨੌਨ-ਐਮਜੈਂਸੀ ਮੈਡੀਕਲ ਟ੍ਰਾਂਸਪੋਰਟੇਸ਼ਨ (NEMT) ਹੋ ਸਕਦੀਆਂ ਹਨ। ਜੇਕਰ ਤੁਹਾਨੂੰ ਡਾਕਟਰ ਦੁਆਰਾ ਲਿਖੀਆਂ ਦਵਾਈਆਂ ਜਾਂ ਮੈਡੀਕਲ ਸਪਲਾਈਆਂ ਜਾਂ ਉਪਕਰਣ ਦੀ ਚੋਣ ਕਰਨ ਦੀ ਲੋੜ ਹੈ ਤਾਂ ਤੁਸੀਂ NMT ਦੀ ਵਰਤੋਂ ਵੀ ਕਰ ਸਕਦੇ ਹੋ।

ਜੇਕਰ ਤੁਸੀਂ ਕਾਰ, ਬਸ, ਟ੍ਰੇਨ, ਜਾਂ ਟੈਕਸੀ 'ਤੇ ਸਫ਼ਰ ਕਰ ਸਕਦੇ ਹੋ ਪਰ ਤੁਹਾਡੀ ਮੁਲਾਕਾਤ ਲਈ ਕੋਈ ਸਵਾਰੀ ਨਹੀਂ ਹੈ, ਤਾਂ NMT ਸੇਵਾਵਾਂ ਪ੍ਰਬੰਧਿਤ ਕੀਤੀਆਂ ਜਾ ਸਕਦੀਆਂ ਹਨ।

- ਜੇਕਰ ਤੁਸੀਂ Medi-Cal ਹੈਲਥ ਪਲਾਨ ਵਿੱਚ ਨਾਮਜ਼ਦ ਕੀਤਾ ਹੋਇਆ ਹੈ ਤਾਂ NMT ਸੇਵਾਵਾਂ ਕਿਵੇਂ ਪ੍ਰਾਪਤ ਕਰਨੀਆਂ ਹਨ 'ਤੇ ਜਾਣਕਾਰੀ ਲਈ ਆਪਣੇ ਪਲਾਨ ਨੂੰ ਕਾਲ ਕਰੋ।
- ਜੇਕਰ ਤੁਸੀਂ Medi-Cal ਹੈਲਥ ਪਲਾਨ ਵਿੱਚ ਨਾਮਜ਼ਦਗੀ <u>ਨਹੀਂ</u> ਕੀਤੀ ਹੋਈ ਹੈ ਤਾਂ ਤੁਸੀਂ ਅੱਗੇ ਦੱਸਿਆ ਕਰ ਸਕਦੇ ਹੋ:
    - ਇਹ ਵੇਖਣ ਲਈ ਆਪਣੀ ਕਾਉਂਟੀ ਦੇ Medi-Cal ਆਫ਼ਿਸ ਵਿੱਚ ਕਾਲ ਕਰੋ ਜੇਕਰ ਉਹ ਤੁਹਾਨੂੰ NMT ਸਵਾਰੀ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੇ ਹਨ।
    - 1 ਜੁਲਾਈ, 2018 ਤੋਂ ਬਾਅਦ, Medi-Cal ਉਹਨਾਂ ਨੂੰ ਆਵਾਜਾਈ ਪ੍ਰਦਾਤਿਆਂ ਨੂੰ ਮਨਜ਼ੂਰ ਕਰੇਗੀ ਜੋ NMT ਸਵਾਰੀਆਂ ਦੇ ਸਕਦੇ ਹਨ। ਤੁਹਾਨੂੰ ਰਾਈਡ ਕਰਨ ਲਈ ਮਨਜ਼ੂਰ ਕੀਤੇ ਪ੍ਰਦਾਤਾ ਨਾਲ ਸੰਪਰਕ

ਕਰਨ ਦੀ ਲੋੜ ਹੋਵੇਗੀ, ਜਾਂ ਤੁਸੀਂ ਆਪਣੇ ਹੈਲਥ ਜਾਂ ਡੈਂਟਲ ਪ੍ਰਦਾਤਾ ਨੂੰ ਕਾਲ ਕਰ ਸਕਦੇ ਹੋ ਅਤੇ ਆਪਣੇ ਖੇਤਰ ਵਿੱਚ ਆਵਾਜਾਈ ਪ੍ਰਦਾਤਾ ਬਾਰੇ ਪੁੱਛ ਸਕਦੇ ਹੋ।

Medi-Cal ਤੁਹਾਡੇ ਡਾਕਟਰ ਜਾਂ ਦੰਦਾਂ ਦੇ ਡਾਕਟਰ ਦੁਆਰਾ ਨਿਰਧਾਰਿਤ ਕੀਤੇ ਅਨੁਸਾਰ, ਪੂਰਵ ਪ੍ਰਮਾਣੀਕਰਨ ਰਾਹੀਂ ਮੈਡੀਕਲ ਜ਼ਰੂਰਤ ਦੇ ਆਧਾਰ 'ਤੇ ਯੋਗ ਲਾਭਪਾਤਰੀਆਂ ਨੂੰ NEMT ਸੇਵਾਵਾਂ ਪ੍ਰਦਾਨ ਕਰਦਾ ਹੈ।

ਜੇਕਰ ਤੁਹਾਨੂੰ ਆਪਣੀ ਮੁਲਾਕਾਤ ਲਈ ਪਹੁੰਚਣ ਵਾਸਤੇ ਖਾਸ ਮੈਡੀਕਲ ਵਾਹਨ ਦੀ ਲੋੜ ਹੈ ਤਾਂ ਆਪਣੇ ਦੰਦਾਂ ਦੇ ਡਾਕਟਰ ਨੂੰ ਦੱਸੋ। ਉਹ ਵ੍ਹੀਲਚੇਅਰ ਵੈਨ, ਲਿੱਟਰ ਵੈਨ, ਅੰਬੂਲੈਂਸ, ਜਾਂ ਹਵਾਈ ਆਵਾਜਾਈ ਵਰਗੀ NEMT ਆਰਡਰ ਕਰ ਸਕਦਾ/ਸਕਦੀ ਹੈ। ਆਵਾਜਾਈ ਸਹਾਇਤਾ ਲਈ, TSC ਨੂੰ ਕਾਲ ਕਰੋ ਜਾਂ ਆਪਣੇ ਡਾਕਟਰ ਜਾਂ ਦੰਦਾਂ ਦੇ ਡਾਕਟਰ ਨੂੰ ਸਹਾਇਤਾ ਕਰਨ ਲਈ ਸੰਪਰਕ ਕਰੋ ਜਾਂ ਤੁਹਾਡੇ ਘਰ ਤੋਂ ਡੈਂਟਲ ਅਤੇ ਮੈਡੀਕਲ ਵਿਜ਼ਿਟਾਂ ਲਈ NEMT ਬੇਨਤੀ ਕਰੋ। ਆਵਾਜਾਈ ਦੀ ਵਰਤੋਂ ਸਿਰਫ਼ Medi-Cal ਦੁਆਰਾ ਕਵਰ ਕੀਤੀਆਂ ਜ਼ਰੂਰੀ ਮੈਡੀਕਲ ਜਾਂ ਡੈਂਟਲ ਸੇਵਾਵਾਂ ਪ੍ਰਾਪਤ ਕਰਨ ਲਈ ਹੀ ਕੀਤੀ ਜਾ ਸਕਦੀ ਹੈ।

ਮੁਲਾਕਾਤ ਤੋਂ ਪਹਿਲਾਂ ਜਿੰਨੀ ਜਲਦੀ ਹੋ ਸਕੇ ਰਾਈਡ ਲਈ ਪੁੱਛਣਾ ਯਕੀਨੀ ਬਣਾਓ। ਜੇਕਰ ਤੁਹਾਡੀਆਂ ਲਗਾਤਾਰ ਮੁਲਾਕਾਤਾਂ ਹਨ ਤਾਂ ਤੁਹਾਡਾ ਦੰਦਾਂ ਦਾ ਡਾਕਟਰ ਜਾਂ ਡਾਕਟਰ ਭਵਿੱਖੀ ਮੁਲਾਕਾਤਾਂ ਨੂੰ ਕਵਰ ਕਰਨ ਲਈ ਅਗੇਤੀ ਆਵਾਜਾਈ ਲਈ ਬੇਨਤੀ ਕਰ ਸਕਦਾ/ਸਕਦੀ ਹੈ।

ਮਨਜ਼ੂਰ ਕੀਤੇ NMT ਪ੍ਰਦਾਤਾਵਾਂ ਦੁਆਰਾ ਵਿਵਸਥਿਤੀ ਕੀਤੀਆਂ ਰਾਈਡਾਂ ਬਾਰੇ ਹੋਰ ਜਾਣਕਾਰੀ ਲਈ http://www.dhcs.ca.gov/Pages/myMedi-Cal.aspx 'ਤੇ ਜਾਓ।

ਜੇਕਰ ਮੈਨੂੰ ਸੁਣਨ ਜਾਂ ਬੋਲਣ ਵਿੱਚ ਸਮੱਸਿਆ ਹੋਵੇ ਤਾਂ ਕੀ ਹੋਵੇਗਾ?

ਜੇਕਰ ਤੁਹਾਨੂੰ ਸੁਣਨ ਜਾਂ ਬੋਲਣ ਵਿੱਚ ਸਮੱਸਿਆਵਾਂ ਹਨ ਤਾਂ ਸਾਡੇ TTY ਲਾਈਨ 1-800-735-2922 'ਤੇ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਕਾਲ ਕਰੋ। ਹੋਰ ਸਮਿੰਆਂ ਲਈ ਆਪਣੀ ਲੋੜੀਂਦੀ ਮਦਦ ਪ੍ਰਾਪਤ ਕਰਨ ਲਈ, ਕਿਰਪਾ ਕਰਕੇ ਕੈਲੀਫੋਰਨੀਆ ਰਿਲੇਅ ਸਰਵਿਸ TDD/TTY 711 'ਤੇ ਕਾਲ ਕਰੋ। ਕਨੂੰਨ ਦੁਆਰਾ ਅਮਰੀਕਨ ਸਾਈਨ ਲੈਂਗਵੇਜ਼ (ASL) ਅਨੁਵਾਦ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸਹਾਇਤਾ ਲਈ ਬੇਨਤੀ ਕਰਨ ਦੌਰਾਨ, ਕਿਰਪਾ ਕਰਕੇ ਅੱਗੇ ਦਿੱਤੀ ਜਾਣਕਾਰੀ ਉਪਲਬਧ ਰੱਖੋ:

- ਡੈਂਟਲ ਮੁਲਾਕਾਤ ਦੀ ਮਿਤੀ
- ਮੁਲਾਕਾਤ ਦਾ ਸ਼ੁਰੂਆਤੀ ਅਤੇ ਸਮਾਪਤੀ ਸਮਾਂ

- ਮੁਲਾਕਾਤ ਕਿਸਮ (ਉਦਾਹਰਨ ਲਈ: "ਡੈਂਟਲ ਮੁਲਾਕਾਤ, ਸਰਜੀਕਲ ਮੁਲਾਕਾਤ, ਸਲਾਹ, ਆਦਿ")
- ASL ਸੇਵਾਵਾਂ ਦੀ ਲੋੜ ਵਾਲੇ ਵਿਅਕਤੀ ਦਾ ਨਾਮ ਅਤੇ ਉਸ ਦੀ ਲਾਭਪਾਤਰੀ ID
- ਆਫ਼ਿਸ ਸਥਾਨ ਪਤਾ ਅਤੇ ਫ਼ੋਨ ਨੰਬਰ
- ਆਫ਼ਿਸ ਸੰਪਰਕ ਵਿਅਕਤੀ ਨਾਮ

ਕੀ ਹੋਵੇਗਾ ਜੇਕਰ ਮੈਂ ਵੇਖਣ ਵਿੱਚ ਸਮਰੱਥ ਨਹੀਂ ਹਾਂ?

ਵੇਖਣ ਵਿੱਚ ਅਸਮਰੱਥ ਵਿਅਕਤੀਆਂ ਲਈ ਇਹ ਹੈਂਡਬੁੱਕ ਅਤੇ ਹੋਰ ਮਹੱਤਵਪੂਰਨ ਸਮੱਗਰੀਆਂ ਵੱਡੇ ਪ੍ਰਿੰਟਾਂ, ਕੰਪਿਊਟਰ ਡਿਸਕ (CD) ਫੌਰਮੈਟ, ਅਤੇ ਆਡੀਓ ਟੇਪ ਵਿੱਚ ਵੀ ਉਪਲਬਧ ਕਰਵਾਈਆਂ ਜਾਣਗੀਆਂ। ਵਿਕਲਪਿਕ ਫੌਰਮੈਟਾਂ, ਜਾਂ ਇਹ ਹੈਂਡਬੁੱਕ ਜਾਂ ਹੋਰ Denti-Cal ਸਮੱਗਰੀਆਂ ਨੂੰ ਪੜ੍ਹਨ ਵਿੱਚ ਮਦਦ ਲਈ ਕਿਰਪਾ ਕਰਕੇ TSC ਨੂੰ ਕਾਲ ਕਰੋ।

ਕੀ ਹੋਵੇਗਾ ਜੇਕਰ ਮੈਨੂੰ ਕੋਈ ਮੈਡੀਕਲ ਸਥਿਤੀ ਜਾਂ ਹੋਰ ਸਮੱਸਿਆ ਹੈ ਜੋ ਮੈਨੂੰ ਡੈਂਟਲ ਦੇਖਭਾਲ ਪ੍ਰਾਪਤ ਕਰਨ ਵਿੱਚ ਸਮੱਸਿਆ ਦਿੰਦੀ ਹੈ?

TSC ਨੂੰ ਕਾਲ ਕਰੋ। TSC ਤੁਹਾਡੇ ਲਈ ਉਹ ਦੰਦਾਂ ਦਾ ਡਾਕਟਰ ਲੱਭਦਾ ਹੈ ਜੋ ਤੁਹਾਡਾ ਇਲਾਜ ਕਰ ਸਕਦਾ ਹੈ। ਜੇਕਰ ਲੋੜ ਹੁੰਦੀ ਹੈ ਤਾਂ ਉਹ ਤੁਹਾਡੇ ਮੈਡੀਕਲ ਪ੍ਰਦਾਤਾ ਨਾਲ ਤੁਹਾਡੀ ਦੇਖਭਾਲ ਦਾ ਤਾਲਮੇਲ ਕਰਨ ਵਿੱਚ ਵੀ ਮਦਦ ਕਰ ਸਕਦੇ ਹਨ।

ਕੀ ਹੋਵੇਗਾ ਜੇਕਰ ਮੈਨੂੰ ਅਜਿਹੀ ਸਰੀਰਕ ਸਮੱਸਿਆ ਹੈ ਜੋ ਮੈਨੂੰ ਦੰਦਾਂ ਦੇ ਡਾਕਟਰ ਨੂੰ ਵਿਖਾਉਣ ਵਿੱਚ ਔਖ ਪੈਦਾ ਕਰਦੀ ਹੈ?

ਅਸੀਂ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਾਂ ਕਿ Denti-Cal ਦੰਦਾਂ ਦੇ ਡਾਕਟਰ ਦੇ ਆਫ਼ਿਸ ਅਤੇ ਸੁਵਿਧਾਵਾਂ ਅਪੰਗਾਂ ਲਈ ਸਰੀਰਕ ਤੌਰ 'ਤੇ ਪਹੁੰਚਯੋਗ ਹੋਣ। ਜੇਕਰ ਤੁਸੀਂ ਪਹੁੰਚਯੋਗ ਦੰਦਾਂ ਦੇ ਡਾਕਟਰ ਦਾ ਪਤਾ ਲਾਉਣ ਵਿੱਚ ਸਮਰੱਥ ਨਹੀਂ ਹੋ, ਤਾਂ ਕਿਰਪਾ ਕਰਕੇ TSC ਨੂੰ ਕਾਲ ਕਰੋ ਅਤੇ ਅਸੀਂ ਤੁਹਾਡੀ ਮਦਦ ਕਰਾਂਗੇ।

ਸ਼ਿਕਾਇਤ ਪ੍ਰਕਿਰਿਆ

ਇਸ ਬਾਰੇ ਸ਼ਿਕਾਇਤਾਂ ਨੂੰ ਹੱਲ ਕਰਨ ਲਈ Denti-Cal ਪ੍ਰਕਿਰਿਆ ਹੈ:

- ਡੈਂਟਲ ਸੇਵਾਵਾਂ
- ਦੇਖਭਾਲ ਦੀ ਗੁਣਵੱਤਾ

- ਇਲਾਜ ਪ੍ਰਮਾਣੀਕਰਨ ਬੇਨਤੀ ਦੀ ਸੋਧ ਜਾਂ ਇਨਕਾਰ
- Denti-Cal ਪ੍ਰੋਗਰਾਮ ਦੇ ਤਹਿਤ ਪ੍ਰਦਾਨ ਕੀਤੀਆਂ ਸੇਵਾਵਾਂ ਦੇ ਹੋਰ ਪਹਿਲੂ

ਸ਼ਿਕਾਇਤਾਂ ਦੇ ਉਦਾਹਰਨ:

- ਤੁਸੀਂ ਲੋੜੀਂਦੀ ਸੇਵਾ, ਇਲਾਜ, ਜਾਂ ਦਵਾਈ ਪ੍ਰਾਪਤ ਨਹੀਂ ਕਰ ਸਕਦੇ
- ਇੱਕ ਸੇਵਾ ਨੂੰ ਮੈਡੀਕਲ ਤੌਰ 'ਤੇ ਜ਼ਰੂਰੀ ਨਹੀਂ ਮੰਨਿਆ ਜਾਂਦਾ ਹੈ
- ਤੁਹਾਨੂੰ ਮੁਲਾਕਾਤ ਲਈ ਕਾਫ਼ੀ ਦੇਰ ਉਡੀਕਣਾ ਹੋਵੇਗਾ
- ਤੁਹਾਨੂੰ ਖਰਾਬ ਦੇਖਭਾਲ ਪ੍ਰਾਪਤ ਹੋਈ ਸੀ ਜਾਂ ਰੁੱਖਾ ਵਿਹਾਰ ਕੀਤਾ ਗਿਆ ਸੀ
- ਤੁਹਾਡੇ ਤੋਂ ਕਵਰ ਕੀਤੀ ਸੇਵਾ ਲਈ ਦੰਦਾਂ ਦੇ ਡਾਕਟਰ ਦੇ ਆਫ਼ਿਸ ਵਿੱਚ ਪੈਸਾ ਵਸੂਲਿਆ ਗਿਆ ਸੀ
- ਤੁਹਾਡਾ ਡੈਂਟਲ ਆਫ਼ਿਸ ਤੁਹਾਨੂੰ ਬਿੱਲ ਭੇਜਣਾ ਜਾਰੀ ਰੱਖਦਾ ਹੈ, ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਭੁਗਤਾਨ ਨਹੀਂ ਕਰਨਾ ਚਾਹੀਦਾ

ਜੇਕਰ **Denti-Cal** ਨੇ ਮੇਰੇ ਦੰਦਾਂ ਦੇ ਡਾਕਟਰ ਤੋਂ ਪੁੱਛੇ ਜਾਣ ਵਾਲੀ ਸੇਵਾ ਨੂੰ ਅਸਵੀਕਾਰ ਜਾਂ ਸੀਮਿਤ ਕਰ ਦਿੱਤਾ ਹੈ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ**?**

ਜੇਕਰ ਤੁਹਾਨੂੰ ਅਜਿਹੀ ਸੇਵਾ ਲਈ ਇਨਕਾਰ ਕਰ ਦਿੱਤਾ ਗਿਆ ਹੈ ਜਿਸ ਲਈ ਤੁਹਾਡੇ ਦੰਦਾਂ ਦੇ ਡਾਕਟਰ ਨੇ ਮਨਜ਼ੂਰੀ ਲਈ ਬੇਨਤੀ ਕੀਤੀ ਹੈ, ਤਾਂ ਆਪਣੇ ਦੰਦਾਂ ਦੇ ਡਾਕਟਰ ਨਾਲ ਸੰਪਰਕ ਕਰੋ ਅਤੇ ਪੁੱਛੋ ਕਿ ਦੰਦਾਂ ਦਾ ਡਾਕਟਰ ਫਿਰ ਤੋਂ ਮੁਲਾਂਕਣ ਦੀ ਬੇਨਤੀ ਕਰ ਸਕਦਾ ਹੈ ਜਾਂ ਨਹੀਂ।

ਮੈਨੂੰ ਕਿਵੇਂ ਪਤਾ ਲੱਗੇਗਾ ਕਿ **Denti-Cal** ਸੇਵਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ**?**

ਜੇਕਰ ਡੈਂਟਲ ਇਲਾਜ ਨੂੰ ਇਨਕਾਰਿਆ ਜਾਂ ਸੋਧਿਆ ਜਾਂਦਾ ਹੈ ਤਾਂ Denti-Cal ਤੁਹਾਨੂੰ ਇੱਕ Denti-Cal ਕਾਰਵਾਈ ਦਾ ਨੋਟਿਸ ਭੇਜੇਗਾ। ਨੋਟਿਸ ਪਰਿਭਾਸ਼ਿਤ ਕਰੇਗਾ ਕਿ ਡੈਂਟਲ ਇਲਾਜ ਨੂੰ ਕਿਉਂ ਇਨਕਾਰਿਆ ਜਾਂ ਸੋਧਿਆ ਗਿਆ ਹੈ। ਨੋਟਿਸ ਤੁਹਾਨੂੰ ਇਸ ਬਾਰੇ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ ਕਿ ਜੇਕਰ ਤੁਸੀ ਕਾਰਵਾਈ ਨਾਲ ਸਹਿਮਤ ਨਹੀਂ ਹੋ ਤਾਂ ਤੁਸੀਂ ਕੀ ਕਰ ਸਕਦੇ ਹੋ।

ਮੈਨੂੰ ਕੀ ਕਰਨਾ ਚਾਹੀਦਾ ਹੈ ਜੇਕਰ ਮੇਰੇ ਕੋਈ ਸ਼ਿਕਾਇਤ ਹੈ**?** ਮੈਂ ਇੱਕ ਆਮ ਸ਼ਿਕਾਇਤ ਕਿਵੇਂ ਦਾਇਰ ਕਰਾਂਗਾ/ਕਰਾਂਗੀ**?**

ਕੁਝ ਸ਼ਿਕਾਇਤਾਂ ਸਮੱਸਿਆ ਪਹਿਲਾਂ ਬਾਰੇ ਤੁਹਾਡੇ ਦੰਦਾਂ ਦੇ ਡਾਕਟਰ ਨਾਲ ਗੱਲ ਕਰਕੇ ਤੁਰੰਤ ਹੱਲ ਕੀਤੀਆਂ ਜਾ ਸਕਦੀਆਂ ਹਨ। ਅਕਸਰ, ਦੰਦਾਂ ਦਾ ਡਾਕਟਰ ਤੁਹਾਡੀ ਸ਼ਿਕਾਇਤ ਨੂੰ ਤੁਰੰਤ ਹੱਲ ਕਰ ਸਕਦਾ ਹੈ। ਜੇਕਰ ਤੁਸੀਂ ਪਹਿਲਾਂ

ਆਪਣੇ ਦੰਦਾਂ ਦੇ ਡਾਕਟਰ ਨਾਲ ਗੱਲ ਨਹੀਂ ਕਰਨਾ ਚਾਹੁੰਦੇ ਜਾਂ ਜੇਕਰ ਤੁਹਾਡਾ ਦੰਦਾਂ ਦਾ ਡਾਕਟਰ ਤੁਹਾਡੀ ਸ਼ਿਕਾਇਤ ਹੱਲ ਕਰਨ ਲਈ ਅਯੋਗ ਹੈ, ਤਾਂ TSC ਨੂੰ ਕਾਲ ਕਰੋ। Denti-Cal ਫ਼ੋਨ ਦੁਆਰਾ ਜਾਂ ਲਿਖਤ ਵਿੱਚ ਸ਼ਿਕਾਇਤਾਂ ਨੂੰ ਸਵੀਕਾਰ ਕਰਦਾ ਹੈ।

ਜਦੋਂ ਤੁਸੀਂ TSC ਨੂੰ ਕਾਲ ਕਰਦੇ ਹੋ, ਤਾਂ ਉਹਨਾਂ ਨੂੰ ਆਪਣੀ ਜਾਣਕਾਰੀ ਅਤੇ ਮਸ਼ਗੂਲ ਦੰਦਾਂ ਦੇ ਡਾਕਟਰ ਦਾ ਨਾਮ ਦਿਓ। ਸ਼ਾਮਲ ਕੀਤੀਆਂ ਸੇਵਾਵਾਂ ਅਤੇ ਕੋਈ ਵੀ ਕਾਰਵਾਈ ਜਾਂ ਗੈਰ-ਕਾਰਵਾਈ ਸਮੇਤ ਆਪਣੀ ਸਮੱਸਿਆ ਦੱਸੋ। TSC ਕਾਲ ਦੇ ਦੌਰਾਨ ਸਮੱਸਿਆ ਦਾ ਹੱਲ ਕਰਨ ਲਈ ਹਰੇਕ ਸੰਭਵ ਕੋਸ਼ਿਸ਼ ਕਰੇਗਾ। ਜੇਕਰ ਪਹਿਲੀ ਕਾਲ 'ਤੇ TSC ਦੁਆਰਾ ਤੁਹਾਡੀ ਸ਼ਿਕਾਇਤ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਤੁਹਾਨੂੰ ਇੱਕ ਫਾਲੋਅੱਪ ਕਾਲ ਪ੍ਰਾਪਤ ਹੋਵੇਗੀ।

Denti-Cal ਟੈਲੀਫ਼ੋਨ ਸੇਵਾ ਕੇਂਦਰ:

1-800-322-6384

ਟੈਲੀਟੈਕਸਟ ਟਾਈਪਰਾਈਟਰ (TTY):

1-800-735-2922

ਜੇਕਰ ਤੁਸੀਂ ਲਿਖਤੀ ਸ਼ਿਕਾਇਤ ਭੇਜਣ ਦੀ ਚੋਣ ਕਰਦੇ ਹੋ, ਤਾਂ ਤੁਸੀਂ Denti-Cal ਵੈੱਬਸਾਈਟ ਤੋਂ ਲਾਭਪਾਤਰੀ Medi-Cal ਡੈਂਟਲ ਪ੍ਰੋਗਰਾਮ ਸ਼ਿਕਾਇਤ ਫਾਰਮ ਡਾਊਨਲੋਡ ਕਰ ਸਕਦੇ ਹੋ। ਫਾਰਮ ਪੂਰਾ ਕਰੋ ਅਤੇ ਫਾਰਮ 'ਤੇ ਪ੍ਰਿੰਟ ਕੀਤੇ ਪਤੇ 'ਤੇ Denti-Cal ਨੂੰ ਵਾਪਿਸ ਭੇਜੋ। Denti-Cal ਤੁਹਾਨੂੰ ਫਾਰਮ ਪ੍ਰਾਪਤ ਹੋਣ ਦੇ ਪੰਜ ਕੈਲੰਡਰ ਦਿਨਾਂ ਦੇ ਅੰਦਰ ਪ੍ਰਾਪਤ ਹੋਣ ਬਾਰੇ ਜਾਣਕਾਰੀ ਦੇਵੇਗਾ। ਤੁਸੀਂ ਇਹ ਪੁੱਛਣ ਲਈ TSC ਨੂੰ ਵੀ ਕਾਲ ਕਰ ਸਕਦੇ ਹੋ ਕਿ ਤੁਹਾਡਾ ਫਾਰਮ ਪ੍ਰਾਪਤ ਹੋਇਆ ਹੈ ਜਾਂ ਨਹੀਂ।

ਅਗਲੇ ਪੰਨੇ 'ਤੇ ਲਾਭਪਾਤਰੀ Medi-Cal ਡੈਂਟਲ ਪ੍ਰੋਗਰਾਮ ਸ਼ਿਕਾਇਤ ਫਾਰਮ ਦਾ ਇੱਕ ਉਦਾਹਰਨ ਹੈ। ਫਾਰਮ Denti-Cal ਦੀ ਵੈੱਬਸਾਈਟ ਦੇ ਲਾਭਪਾਤਰੀ ਪੰਨੇ 'ਤੇ ਵੀ ਲੱਭਿਆ ਜਾ ਸਕਦਾ ਹੈ: https://www.denti-cal.ca.gov/Beneficiaries/Denti-Cal/ ਫਾਰਮ ਸਿਰਫ਼ ਅੰਗਰੇਜ਼ੀ ਵਿੱਚ ਉਪਲਬਧ ਹੈ।

ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼, ਲਾਗੂ ਸੰਘੀ ਅਧਿਕਾਰਾਂ ਦੇ ਕਨੂੰਨਾਂ ਦੀ ਪਾਲਣਾ ਕਰਦਾ ਹੈ ਅਤੇ ਜਾਤ, ਰੰਗ, ਰਾਸ਼ਟਰੀ ਮੂਲ, ਉਮਰ, ਅਯੋਗਤਾ, ਜਾਂ ਲਿੰਗ ਦੇ ਆਧਾਰ ਤੇ ਭੇਦਭਾਵ ਨਹੀਂ ਕਰਦਾ। ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਲੋਕਾਂ ਨੂੰ ਉਨ੍ਹਾਂ ਦੀ ਜਾਤ, ਰੰਗ, ਰਾਸ਼ਟਰੀ ਮੂਲ, ਉਮਰ, ਅਯੋਗਤਾ, ਜਾਂ ਲਿੰਗ ਦੇ ਆਧਾਰ 'ਤੇ ਬਾਹਰ ਨਹੀਂ

ਕੱਢਦਾ ਜਾਂ ਉਨ੍ਹਾਂ ਨਾਲ ਵੱਖਰੇ ਤਰੀਕੇ ਨਾਲ ਪੇਸ਼ ਨਹੀਂ ਆਉਂਦਾ। ਗੈਰ-ਪੱਖਪਾਤੀ ਨੀਤੀ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਵੈਬਸਾਈਟ:

http://www.dhcs.ca.gov/Pages/Language_Access.aspx 'ਤੇ ਜਾਓ।

Denti-Cal

California Medi-Cal Dental Program

NAME: _____ DATE: _____

ADDRESS 1: _____

ADDRESS 2: _____

CITY: _____ST: ____ ZIP: _____

BENEFICIARY MEDI-CAL DENTAL PROGRAM COMPLAINT FORM

Please fill in the form below and describe your questions or complaints completely. This information is important and necessary to research and resolve your questions or complaints.

STATE OF CALIFORNIA MEDI-CAL
BENEFITS IDENTIFICATION CARD NUMBER: _____

TELEPHONE NUMBER: (_____) _____ - _____

MESSAGE TELEPHONE NUMBER: (_____) _____

YOUR REPRESENTATIVE (if not yourself):

NAME: _____

ADDRESS: _____

CITY: _____, STATE: _____ ZIP CODE: _____

TELEPHONE NUMBER: (_____) _____

YOUR DENTAL PROVIDER'S NAME: _____

NAME: _____

ADDRESS: _____

CITY: _____, STATE: _____ ZIP CODE: _____

TELEPHONE NUMBER: (_____) _____

P.O Box 15539 • Sacramento, CA 95852-0609 • (800) 322-6384

Denti-Cal

California Medi-Cal Dental Program

BENEFICIARY MEDI-CAL DENTAL PROGRAM COMPLAINT FORM (PAGE 2)

TYPE OF COMPLAINT:

_____ Dentist service was incomplete or unsatisfactory

_____ Clinical Screening process was unsatisfactory

_____ Other

_____ Comments (Please describe your questions or complaints/ grievances completely here. Use the reverse side of this form or additional pages if you need additional space.)

_____

_____

_____

_____

_____

PLEASE SIGN AND DATE THIS FORM:

It may be necessary to obtain your medical records from your dental care provider. Your signature below authorizes release of your dental records to Denti-Cal.

SIGNATURE_____ DATE_____

Return this form to:

Medi-Cal Dental Program
Beneficiary Services Group
P.O. Box 15539
Sacramento, CA 95852-1539

When we receive this information, we will research your questions or complaints/grievances and notify you of our findings. If it is necessary for you to appear for a clinical examination in order to resolve this matter, we will notify you in writing of the date, time, and location of this appointment.

P.O Box 15539 • Sacramento, CA 95852-0609 • (800) 322-6384

Denti-Cal

California Medi-Cal Dental Program

Notice from the Department of Managed Health Care

You may file a complaint with the California Department of Managed Health Care after you have completed Delta's grievance process or after you have been involved in Denti-Cal's grievance process for 30 days. You may file a grievance with the Department immediately in an emergency situation that is one involving severe pain and imminent and serious threat to your health.

The California Department of Managed Health Care is responsible for regulating health care service plans. If you have a grievance against your health plan, you should first telephone your plan at **(1-800-322-6384)** and use your plan's grievance process before contacting the Department. Utilizing this grievance procedure does not prohibit any potential legal rights or remedies that may be available to you. If you need help with a grievance involving an emergency, a grievance that has not been satisfactorily resolved by your Health Plan, or a grievance that has remained unresolved for more than 30 days, you may call the Department for assistance. You may also be eligible for an Independent Medical Review (IMR)**.** If you are eligible for IMR, the IMR process will provide an impartial review of medical decisions made by a Health Plan related to the medical necessity of a proposed service or treatment, coverage decisions for treatments that are experimental or investigational in nature and payment disputes for emergency or urgent medical services. The Department also has a toll-free telephone number **(1-888-HMO-2219)** and a TDD line **(1-877-688-9891)** for the hearing and speech impaired. The Department's Internet Web site (**http://www.hmohelp.ca.gov**) has complaint forms, IMR application forms and instructions online.

IMR has limited application to your dental program. You may request IMR only if your dental claim concerns a life-threatening or seriously debilitating condition(s) and is denied or modified because it was deemed an experimental procedure.

B-GRV-FRM-034.A

P.O Box 15539 • Sacramento, CA 95852-0609 • (800) 322-6384

ਮੇਰੇ ਦੁਆਰਾ ਸ਼ਿਕਾਇਤ ਦਾਇਰ ਕਰਵਾਉਣ ਤੋਂ ਬਾਅਦ ਕੀ ਹੁੰਦਾ ਹੈ?

ਜੇਕਰ ਤੁਸੀਂ ਫ਼ੋਨ 'ਤੇ ਸ਼ਿਕਾਇਤ ਦਾਇਰ ਕੀਤੀ ਹੈ ਅਤੇ ਕਾਲ ਦੇ ਦੌਰਾਨ ਸ਼ਿਕਾਇਤ ਦਾ ਹੱਲ ਨਹੀਂ ਕੀਤਾ ਗਿਆ ਸੀ, ਤਾਂ ਤੁਹਾਨੂੰ ਭਵਿੱਖੀ ਸਹਾਇਤਾ ਲਈ ਇੱਕ ਫਾਲੋਅੱਪ ਕਾਲ ਪ੍ਰਾਪਤ ਹੋਵੇਗੀ। ਜੇਕਰ ਤੁਹਾਡੀ ਸ਼ਿਕਾਇਤ ਦਾ ਫਾਲੋਅੱਪ ਕਾਲ ਦੇ ਦੌਰਾਨ ਹੱਲ ਨਹੀਂ ਕੀਤਾ ਜਾਂਦਾ ਹੈ, ਤਾਂ ਅਸੀਂ Denti-Cal ਦੀ ਵੈੱਬਸਾਈਟ https://www.denti-cal.ca.gov/Beneficiaries/Denti-Cal/Beneficiary_Forms/ ਤੋਂ ਲਾਭਪਾਤਰੀ Medi-Cal ਡੈਂਟਲ ਪ੍ਰੋਗਰਾਮ ਸ਼ਿਕਾਇਤ ਫਾਰਮ ਡਾਊਨਲੋਡ ਕਰਨ ਵਿੱਚ ਤੁਹਾਡੀ ਮਦਦ ਕਰਾਂਗੇ। ਅਸੀਂ ਤੁਹਾਨੂੰ ਫਾਰਮ ਮੇਲ ਵੀ ਕਰਾਂਗੇ। ਇੱਕ ਵਾਰ ਤੁਹਾਡੇ ਦੁਆਰਾ ਫਾਰਮ ਭਰੇ ਜਾਣ ਅਤੇ ਦਸਖ਼ਤ ਕੀਤੇ ਜਾਣ ਤੋਂ ਬਾਅਦ, ਇਸ ਨੂੰ ਫਾਰਮ 'ਤੇ ਪ੍ਰਿੰਟ ਕੀਤੇ ਪਤੇ 'ਤੇ Denti-Cal ਨੂੰ ਭੇਜੋ। ਨਮੂਨਾ ਸ਼ਿਕਾਇਤ ਫਾਰਮ 25-27 ਪੰਨਿਆਂ 'ਤੇ ਵਿਖਾਇਆ ਗਿਆ ਹੈ।

ਜੇਕਰ ਤੁਸੀਂ ਇੱਕ ਲਿਖਤੀ ਸ਼ਿਕਾਇਤ ਦਾਇਰ ਕੀਤੀ ਹੈ, ਤਾਂ Denti-Cal ਤੁਹਾਨੂੰ ਤੁਹਾਡਾ ਸ਼ਿਕਾਇਤ ਫਾਰਮ ਪ੍ਰਾਪਤ ਹੋਣ ਦੇ ਪੰਜ ਕੈਲੰਡਰ ਦਿਨਾਂ ਦੇ ਅੰਦਰ ਪ੍ਰਾਪਤ ਹੋਣ ਬਾਰੇ ਜਾਣਕਾਰੀ ਦੇਵੇਗਾ। ਲਿਖਤੀ ਸ਼ਿਕਾਇਤ Denti-Cal ਨੂੰ ਵੀ ਭੇਜੀ ਜਾ ਸਕਦੀ ਹੈ, ਜੋ ਕਾਰਵਾਈ ਦੇ ਅਗਲੇ ਅਨੁਕ੍ਰਮ ਨੂੰ ਨਿਰਧਾਰਿਤ ਕਰੇਗਾ। ਅਸੀਂ:

- ਤੁਹਾਨੂੰ ਜਾਂ ਤੁਹਾਡੇ ਦੰਦਾਂ ਦੇ ਡਾਕਟਰ ਨੂੰ ਸੰਪਰਕ ਕਰ ਸਕਦੇ ਹਾਂ
- ਤੁਹਾਨੂੰ ਕਲੀਨਿਕਲ ਸਕ੍ਰੀਨਿੰਗ ਜਾਂਚ ਲਈ ਭੇਜ ਸਕਦੇ ਹਾਂ
- ਰੈਫਰਲ ਉਚਿਤ ਸਮੀਖਿਆ ਕਰਮੀ ਨੂੰ ਭੇਜ ਸਕਦੇ ਹਾਂ

Denti-Cal ਤੁਹਾਨੂੰ ਸ਼ਿਕਾਇਤ ਪ੍ਰਾਪਤ ਹੋਣ ਦੇ 30 ਦਿਨਾਂ ਦੇ ਅੰਦਰ ਫੈਸਲੇ ਦੇ ਨਤੀਜੇ ਅਤੇ ਕਾਰਨਾਂ ਦਾ ਸਾਰੰਸ਼ ਦੇਣ ਵਾਲਾ ਪੱਤਰ ਭੇਜੇਗਾ। ਕੁਝ ਦਿਨਾਂ ਵਿੱਚ 30-ਦਿਨ ਦਾ ਮਿਆਦੀ ਸਮਾਂ ਵਧਾਇਆ ਜਾ ਸਕਦਾ ਹੈ। ਉਦਾਹਰਨ ਲਈ, ਤੁਹਾਨੂੰ ਆਪਣੀ ਕਲੀਨਿਕਲ ਸਕ੍ਰੀਨਿੰਗ ਮੁਲਾਕਾਲ ਵਿੱਚ ਹਾਜ਼ਰ ਹੋਣ ਲਈ ਵਾਧੂ ਸਮੇਂ ਦੀ ਲੋੜ ਹੋ ਸਕਦੀ ਹੈ।

ਜੇਕਰ ਮੇਰੇ ਪਸੰਦ ਦੀ ਸ਼ਿਕਾਇਤ ਦਾਇਰ ਨਹੀਂ ਹੁੰਦੀ ਹੈ ਤਾਂ ਕੀ ਮੈਂ ਕੁਝ ਕਰ ਸਕਦਾ/ਸਕਦੀ ਹਾਂ?

ਜੇਕਰ ਤੁਸੀਂ ਸ਼ਿਕਾਇਤ ਸਮੀਖਿਆ ਪ੍ਰਕਿਰਿਆ ਦੇ ਫੈਸਲੇ ਨਾਲ ਸੰਤੁਸ਼ਟ ਨਹੀਂ ਹੋ ਤਾਂ ਤੁਸੀਂ **ਸਟੇਟ ਹੀਅਰਿੰਗ** ਲਈ ਕਹਿ ਸਕਦੇ ਹੋ। Medi-Cal ਸਟੇਟ ਹੀਅਰਿੰਗ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸ ਵੈੱਬਸਾਈਟ: http://www.dhcs.ca.gov/services/medi-cal/Pages/Medi-CalFairHearing.aspx 'ਤੇ ਜਾਓ।

ਸਟੇਟ ਹੀਅਰਿੰਗ ਪ੍ਰਕਿਰਿਆ

ਜੇਕਰ ਤੁਹਾਡੇ ਦੰਦਾਂ ਦੇ ਡਾਕਟਰ ਦੁਆਰਾ ਬੇਨਤੀ ਕੀਤੇ ਇਲਾਜ ਨੂੰ ਇਨਕਾਰਿਆ ਜਾਂ ਸੋਧਿਆ ਗਿਆ ਹੈ, ਜਾਂ ਤੁਸੀਂ ਇਨਕਾਰੀ ਗਈ ਸੇਵਾ ਬਾਰੇ ਆਪਣੀ ਸ਼ਿਕਾਇਤ ਦੇ ਨਤੀਜੇ ਨਾਲ ਖੁਸ਼ ਨਹੀਂ ਹੋ, ਤਾਂ ਤੁਸੀਂ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਸ਼ੋਸਲ ਸਰਵਿਸਿਜ਼ (CDSS) ਰਾਹੀਂ ਸਟੇਟ ਹੀਅਰਿੰਗ ਦੀ ਬੇਨਤੀ ਕਰ ਸਕਦੇ ਹੋ। ਇਸ ਬੇਨਤੀ ਨਾਲ ਤੁਹਾਡਾ ਲੋਕਲ ਕਾਉਂਟੀ ਸ਼ੋਸਲ ਸਰਵਿਸਿਜ਼ ਆਫ਼ਿਸ ਤੁਹਾਡੀ ਸਹਾਇਤਾ ਕਰ ਸਕਦਾ ਹੈ। ਤੁਸੀਂ ਆਪਣੀ ਸਥਾਨਕ ਟੈਲੀਫ਼ੋਨ ਬੁੱਕ, ਆਪਣੀ ਕਾਉਂਟੀ ਦੀ ਵੈੱਬਸਾਈਟ, ਜਾਂ Medi-Cal ਮੋਬਾਈਲ ਐਪ ਦੀ ਵਰਤੋਂ ਕਰਕੇ ਸੂਚੀਬੱਧ ਫ਼ੋਨ ਨੰਬਰ ਲੱਭ ਸਕਦੇ ਹੋ।

ਤੁਸੀਂ ਖੁਦ ਨੂੰ ਸਟੇਟ ਹੀਅਰਿੰਗ ‘ਤੇ ਪੇਸ਼ ਕਰ ਸਕਦੇ ਹੋ, ਜਾਂ ਤੁਹਾਡਾ ਮਿੱਤਰ, ਵਕੀਲ, ਜਾਂ ਕੋਈ ਹੋਰ ਵਿਅਕਤੀ ਤੁਹਾਨੂੰ ਪੇਸ਼ ਕਰ ਸਕਦਾ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕੀ ਤੁਹਾਨੂੰ ਕੋਈ ਹੋਰ ਪੇਸ਼ ਕਰੇ ਤਾਂ ਤੁਸੀਂ ਤਰਕ ਕਰਨ ਜ਼ੁੰਮੇਵਾਰ ਹੁੰਦੇ ਹੋ। ਕਨੂੰਨੀ ਸਹਾਇਤਾ ਪ੍ਰਾਪਤ ਕਰਨ ਲਈ, 1-800-952-5253 ‘ਤੇ CDSS ਦੀ ਜਨਤਕ ਪੁੱਛ-ਗਿੱਛ ਅਤੇ ਪ੍ਰਤੀਕਿਰਿਆ ਨੂੰ ਕਾਲ ਕਰ ਸਕਦੇ ਹੋ। ਇਹ ਯੂਨਿਟ ਵੀ ਸਟੇਟ ਹੀਅਰਿੰਗ ਪ੍ਰਕਿਰਿਆ ਬਾਰੇ ਆਮ ਜਾਣਕਾਰੀ ਨਾਲ ਮਦਦ ਕਰ ਸਕਦੀ ਹੈ।

ਸਟੇਟ ਹੀਅਰਿੰਗ ਦੀ ਬੇਨਤੀ ਕਰਨ 'ਤੇ ਡੈਂਟਲ ਸੇਵਾਵਾਂ ਲਈ ਤੁਹਾਡੀ ਯੋਗਤਾ ਪ੍ਰਭਾਵਿਤ ਨਹੀਂ ਹੋਵੇਗੀ ਅਤੇ ਤੁਹਾਨੂੰ ਸੁਣਵਾਈ ਲਈ ਜ਼ੁਰਮਾਨਾ ਨਹੀਂ ਕੀਤਾ ਜਾਵੇਗਾ। ਅਸੀਂ ਪੂਰੀ ਪ੍ਰਕਿਰਿਆ ਦੇ ਦੌਰਾਨ ਗੁਪਤਤਾ ਬਣਾਈ ਰੱਖਾਂਗੇ।

ਮੈਨੂੰ ਇੱਕ ਸਟੇਟ ਹੀਅਰਿੰਗ ਲਈ ਕਦੋਂ ਪੁੱਛਣਾ ਚਾਹੀਦਾ ਹੈ?

ਜੇਕਰ ਤੁਸੀਂ ਕਾਰਵਾਈ ਦੇ ਤੁਹਾਨੂੰ ਪ੍ਰਾਪਤ ਹੋਏ Denti-Cal ਨੋਟਿਸ ਨਾਲ ਸੰਤੁਸ਼ਟ ਨਹੀਂ ਹੋ, ਤਾਂ ਤੁਹਾਨੂੰ ਪਹਿਲਾਂ Denti-Cal ਪ੍ਰੋਗਰਾਮ ਦੁਆਰਾ ਕਵਰ ਕੀਤੀ ਗਈ ਸਰਵੋਤਮ ਦੇਖਭਾਲ ਪ੍ਰਾਪਤ ਕਰਨ ਲਈ ਆਪਣੇ ਦੰਦਾਂ ਦੇ ਡਾਕਟਰ ਨਾਲ ਵੱਖਰੇ ਇਲਾਜ ਪਲਾਨਾਂ ‘ਤੇ ਚਰਚਾ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਅਤੇ ਤੁਹਾਡਾ ਦੰਦਾਂ ਦਾ ਡਾਕਟਰ ਇਸ ਨਾਲ ਸਹਿਮਤ ਹੁੰਦੇ ਹੋ ਕਿ ਵੱਖਰਾ ਇਲਾਜ ਪਲਾਨ ਇੱਕ ਵਿਕਲਪ ਨਹੀਂ ਹੈ, ਤਾਂ ਤੁਹਾਡੇ ਕੋਲ ਉਸ ਨੋਟਿਸ ਤੋਂ 90 ਦਿਨ ਤੱਕ ਸਟੇਟ ਹੀਅਰਿੰਗ ਲਈ ਨੋਟਿਸ ਦਾ ਸਮਾਂ ਹੁੰਦਾ ਹੈ।

ਮੈਨੂੰ ਪ੍ਰਕਿਰਿਆ ਕਿਵੇਂ ਸ਼ੁਰੂ ਕਰਨੀ ਚਾਹੀਦੀ ਹੈ?

ਤੁਸੀਂ ਟੋਲ-ਫਰੀ 1-800-952-5253 'ਤੇ ਕਾਲ ਕਰਨ ਦੁਆਰਾ ਪ੍ਰਕਿਰਿਆ ਦੀ ਸ਼ੁਰੂਆਤ ਕਰ ਸਕਦੇ ਹੋ। ਤੁਸੀਂ ਇਸ ਨੂੰ Denti-Cal ਕਾਰਵਾਈ ਦਾ ਸੰਪੂਰਨ ਨੋਟਿਸ ਭੇਜ ਸਕਦੇ ਹੋ ਜਾਂ ਲਿਖ ਸਕਦੇ ਹੋ:

California Department of Social Services
State Hearings Division
P.O. Box 944243 MS 9-17-37
Sacramento, CA 94244-2430

ਜੇਕਰ ਤੁਸੀਂ ਸਟੇਟ ਹੀਅਰਿੰਗ ਬੇਨਤੀ ਲਈ ਕਾਲ ਕਰ ਰਹੇ ਹੋ ਜਾਂ ਲਿਖ ਰਹੇ ਹੋ, ਤਾਂ ਨੋਟਿਸ ਔਫ਼ Denti-Cal ਐਕਸ਼ਨ 'ਤੇ ਸਥਿਤ ਡੌਕੋਮੈਂਟ ਕੰਟਰੋਲ ਨੰਬਰ (DCN) ਸ਼ਾਮਲ ਕਰਨਾ ਯਕੀਨੀ ਬਣਾਓ। DCN ਇਲਾਜ ਪ੍ਰਮਾਣੀਕਰਨ ਬੇਨਤੀ ਦੀ ਪਛਾਣ ਕਰਦਾ ਹੈ ਕਿ ਸੇਵਾਵਾਂ 'ਤੇ ਇਨਕਾਰ ਕੀਤਾ ਗਿਆ ਸੀ ਅਤੇ ਤੁਹਾਡੀ ਬੇਨਤੀ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਮਦਦ ਕਰਦਾ ਹੈ।

ਡੈਂਟਲ ਸ਼ਰਤਾਂ ਅਤੇ ਹੋਰ ਪਰਿਭਾਸ਼ਾਵਾਂ

Denti-Cal ਪ੍ਰੋਗਰਾਮ ਵਿੱਚ ਕਈ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿੰਨ੍ਹਾਂ ਦਾ ਖਾਸ ਜਾਂ ਤਕੀਨੀਕੀ ਭਾਵ ਹੁੰਦਾ ਹੈ। ਅਤੇ ਕੁਝ ਡੈਂਟਲ ਟਰਮਾਂ ਜਾਣੀਆਂ-ਪਛਾਣੀਆਂ ਨਹੀਂ ਹੁੰਦੀਆਂ। ਸਾਨੂੰ ਉਮੀਦ ਹੈ ਕਿ ਤੁਹਾਡੇ ਲਈ ਅੱਗੇ ਦਿੱਤੀਆਂ ਪਰਿਭਾਸ਼ਾਵਾਂ ਲਾਹੇਵੰਦ ਹੋਣਗੀਆਂ। ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ TSC ਨੂੰ ਕਾਲ ਕਰੋ ਅਤੇ ਸਾਡੇ ਪ੍ਰਤੀਨਿਧੀਆਂ ਨਾਲ ਗੱਲ ਕਰੋ।

ਸਹਾਇਤਾ ਕੋਡ: ਤੁਹਾਡੇ ਕੋਲ Medi-Cal ਕਵਰੇਜ਼ ਦੀ ਕਿਸਮ ਦਾ ਵਰਣਨ ਕਰਦਾ ਹੈ।

ਅਪੀਲ: ਪ੍ਰਦਾਨ ਕੀਤੇ ਇਲਾਜ ਲਈ ਸੇਵਾਵਾਂ ਤੋਂ ਇਨਕਾਰ ਕਰਨ ਦੀ ਸਮੀਖਿਆ ਕਰਨ ਲਈ Denti-Cal ਨੂੰ ਪੱਛਣ ਲਈ ਇੱਕ ਆਮ ਬੇਨਤੀ ਹੁੰਦੀ ਹੈ। ਇੱਕ ਅਪੀਲ ਤੁਹਾਡੇ ਦੰਦਾਂ ਦੇ ਡਾਕਟਰ, ਤੁਹਾਡੇ ਖੁਦ ਜਾਂ ਕਿਸੇ ਅਧੀਕਿਰਤ ਪ੍ਰਤੀਨਿਧੀ ਦੁਆਰਾ ਦਾਇਰ ਕੀਤੀ ਜਾ ਸਕਦੀ ਹੈ।

ਪ੍ਰਮਾਣੀਕਰਨ: ਪੂਰਵ ਪ੍ਰਮਾਣੀਕਰਨ ਵੇਖੋ।

ਲਾਭਪਾਤਰੀ: ਇੱਕ ਵਿਅਕਤੀ ਜੋ Medi-Cal ਲਾਭਾਂ ਲਈ ਯੋਗ ਹੁੰਦਾ ਹੈ।

ਲਾਭਪਾਤਰੀ ਪਛਾਣ ਕਾਰਡ (BIC): ਲਾਭਪਾਤਰੀਆਂ ਨੂੰ ਪਛਾਣ ਕਾਰਡ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ। BIC ਵਿੱਚ ਲਾਭਪਾਤਰੀ ਨੰਬਰ ਅਤੇ ਹੋਰ ਮਹੱਤਵਪੂਰਨ ਜਾਣਕਾਰੀ ਸ਼ਾਮਲ ਹੁੰਦੀ ਹੈ।

ਲਾਭ: Medi-Cal ਡੈਂਟਲ ਪ੍ਰੋਗਰਾਮ ਰਾਹੀਂ ਉਪਲਬਧ Denti-Cal ਦੰਦਾਂ ਦੇ ਡਾਕਟਰ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਮੈਡੀਕਲ ਤੌਰ 'ਤੇ ਜ਼ਰੂਰੀ ਸੇਵਾਵਾਂ।

ਕਲੀਨਿਕਲ ਸਕ੍ਰੀਨਿੰਗ: ਵੱਖ-ਵੱਖ Denti-Cal ਦੰਦਾਂ ਦੇ ਡਾਕਟਰ ਦੁਆਰਾ ਸੁਝਾਏ ਜਾਂ ਪ੍ਰਦਾਨ ਕੀਤੇ ਇਲਾਜ ਦੀ ਉਚਿਤਤਾ ਬਾਰੇ ਇੱਕ ਵਿਚਾਰ ਪ੍ਰਦਾਨ ਕਰਨ ਲਈ ਦੰਦਾਂ ਦੇ ਡਾਕਟਰ ਦੁਆਰਾ ਇੱਕ ਜਾਂਚ। Denti-Cal ਪ੍ਰੋਗਰਾਮ ਨੂੰ ਕੁਝ ਹਲਾਤਾਂ ਵਿੱਚ ਕਲੀਨਿਕਲ ਸਕ੍ਰੀਨਿੰਗ ਦੀ ਲੋੜ ਹੋ ਸਕਦੀ ਹੈ।

ਸ਼ਿਕਾਇਤ: ਕਿਸੇ ਗਲਤੀ, ਮੁੜ-ਵਿਚਾਰ ਕਰਨ ਲਈ ਬੇਨਤੀ, ਜਾਂ ਲਾਭਪਾਤਰੀ ਦੁਆਰਾ ਕੀਤੀ ਗਈ ਅਪੀਲ, ਜਾਂ ਲਾਭਪਾਤਰੀ ਦੀ ਤਰਫ਼ੋਂ ਦੰਦਾਂ ਦੇ ਡਾਕਟਰ ਸਮੇਤ ਅਸੰਤੁਸ਼ਟੀ ਦੀ ਜ਼ੁਬਾਨੀ ਜਾਂ ਲਿਖਤੀ ਅਭੀਵਿਅਕਤੀ। ਆਮ ਤੌਰ 'ਤੇ ਵਾਤਾਵਰਣ ਦੀਆਂ ਸਥਿਤੀਆਂ ਜਾਂ ਸਟਾਫ਼ ਜਿਸ ਨੂੰ ਸੇਵਾ ਲਈ ਰੈਂਡਰ ਕੀਤਾ ਗਿਆ ਸੀ ਦੇ ਕਾਰਨ ਸ਼ਿਕਾਇਤ ਦਾਇਰ ਕੀਤੀ ਜਾਂਦੀ ਹੈ।

ਸਹਿ-ਭੁਗਤਾਨ: ਲਾਭਪਾਤਰੀ ਦੁਆਰਾ ਭੁਗਤਾਨ ਕੀਤੇ ਜਾਣ ਵਾਲੇ ਦੰਦਾਂ ਦੇ ਡਾਕਟਰ ਦੇ ਖਰਚੇ ਦਾ ਇੱਕ ਛੋਟਾ ਹਿੱਸਾ।

ਕਵਰ ਕੀਤੀਆਂ ਸੇਵਾਵਾਂ: ਡੈਂਟਲ ਪ੍ਰਕਿਰਿਆਵਾਂ ਦਾ ਉਹ ਸੈੱਟ ਜੋ Denti-Cal ਪ੍ਰੋਗਰਾਮ ਦਾ ਲਾਭ ਹੁੰਦਾ ਹੈ। Denti-Cal ਸਿਰਫ਼ ਇਹਨਾਂ ਮੈਡੀਕਲੀ ਲੋੜੀਂਦੀਆਂ ਸਵਾਵਾਂ ਲਈ ਭੁਗਤਾਨ ਕਰੇਗਾ ਜੋ Denti-Cal ਪ੍ਰੋਗਰਾਮ ਦੇ ਲਾਭਾਂ ਦੇ ਤਹਿਤ Denti-Cal ਦੰਦਾਂ ਦੇ ਡਾਕਟਰ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆ ਹਨ। 21 ਸਾਲ ਤੋਂ ਘੱਟ ਉਮਰ ਦੇ ਬੱਚੇ ਮੈਡੀਕਲ ਤੌਰ 'ਤੇ ਜ਼ਰੂਰੀ ਬ੍ਰੈਸਿਸਜ਼ ਵਰਗੀਆਂ ਵਾਧੂ ਕਵਰ ਕੀਤੀਆਂ ਸੇਵਾਵਾਂ ਲਈ ਯੋਗ ਹੁੰਦੇ ਹਨ।

ਡੈਂਟਲ ਮਾਹਿਰ: ਐਂਡੋਡੋਨਟਿਕਸ, ਔਰਲ ਸਰਜਰੀ, ਪੈਡੀਐਟ੍ਰਿਕ ਡੈਂਟੇਸਟਰ੍ਹੀ, ਪਿਰਿਓਡੋਨਟਿਕਸ ਅਤੇ ਓਰਥੋਨੇਨਟਿਕਸ (ਬ੍ਰੈਸਿਜ਼) ਵਰਗੀ ਖਾਸ ਦੇਖਭਾਲ ਪ੍ਰਦਾਨ ਕਰਨ ਵਾਲਾ ਦੰਦਾਂ ਦਾ ਡਾਕਟਰ।

Denti-Cal: Medi-Cal ਡੈਂਟਲ ਸੇਵਾ-ਲਈ-ਫੀਸ ਪ੍ਰੋਗਰਾਮ।

Denti-Cal ਦੰਦਾਂ ਦਾ ਡਾਕਟਰ: ਇੱਕ ਦੰਦਾਂ ਦਾ ਡਾਕਟਰ ਜਿਸ ਨੂੰ Medi-Cal ਲਾਭਪਾਤਰੀਆਂ ਲਈ ਕਵਰ ਕੀਤੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਮਨਜ਼ੂਰੀ ਦਿੱਤੀ ਗਈ ਹੈ।

ਜਲਦੀ ਅਤੇ ਮਿਆਦਕ ਸਕ੍ਰੀਨਿੰਗ, ਨਿਦਾਨ ਅਤੇ ਇਲਾਜ ਪ੍ਰੋਗਰਾਮ (EPSDT): ਇੱਕ ਫੈਡਰਲ ਪ੍ਰੋਗਰਾਮ ਜੋ ਮਿਆਦਕ ਸਕ੍ਰੀਨਿੰਗਾਂ, ਨਿਦਾਨ ਅਤੇ ਇਲਾਜ ਸੇਵਾਵਾਂ ਰਾਹੀਂ ਬੱਚਿਆਂ ਲਈ ਸਿਹਤ ਸੰਭਾਲ ਪ੍ਰਦਾਨ ਕਰਦਾ ਹੈ। ਡੈਂਟਲ ਕੇਅਰ ਵਿੱਚ EPSDT ਪ੍ਰੋਗਰਾਮ ਸ਼ਾਮਲ ਹੁੰਦਾ ਹੈ।

ਪਾਤਰਤਾ: Medi-Cal ਲਾਭ ਪ੍ਰਾਪਤ ਕਰਨ ਲਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸੰਦਰਭਿਤ ਕਰਦਾ ਹੈ।

ਐਮਰਜੈਂਸੀ ਡੈਂਟਲ ਕੰਡੀਸ਼ਨ: ਇੱਕ ਡੈਂਟਲ ਸਥਿਤੀ ਹੈ ਜਿਸ ਵਿੱਚ ਤੁਰੰਤ ਧਿਆਨ ਨਾ ਦੇ ਕੇ ਵਿਅਕਤੀ ਦੀ ਸਿਹਤ ਖਤਰੇ ਵਿੱਚ ਪਾ ਕੇ, ਗੰਭੀਰ ਦਰਦ ਜਾਂ ਹਾਨੀਕਾਰਕ ਕਾਰਜ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ।

ਐਂਡੋਡੋਨਿਸਟ: ਇੱਕ ਡੈਂਟਲ ਮਾਹਿਰ ਜੋ ਬਿਮਾਰੀ ਅਤੇ ਦੰਦ ਦੀ ਜੜ੍ਹ ਅਤੇ ਜੜ੍ਹ ਦੀ ਸੱਟ ਦੇ ਇਲਾਜ ਲਈ ਆਪਣੇ ਅਭਿਆਸ ਨੂੰ ਸੀਮਿਤ ਕਰਦਾ ਹੈ।

ਜ਼ਲਦੀ ਅਤੇ ਮਿਆਦਿਕ ਸਕ੍ਰੀਨਿੰਗ, ਨਿਦਾਨਤਕ ਅਤੇ ਇਲਾਜ: 21 ਤੋਂ ਘੱਟ ਉਮਰ ਦੇ Medi-Cal ਲਾਭਪਾਤਰੀ ਲਈ ਲਾਭ ਜਦੋਂ ਦੋਸ਼ਾਂ ਅਤੇ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਅਤੇ ਸਥਿਤੀਆਂ ਨੂੰ ਸਹੀ ਕਰਨ ਜਾਂ ਸੁਧਾਰਨ ਦੀ ਲੋੜ ਹੈ।

ਪੂਰੀ ਗੁੰਜਾਇਸ਼ ਦਾ Medi-Cal: ਪੂਰੀ ਗੁੰਜਾਇਸ਼ ਦਾ Medi-Cal ਘੱਟ ਆਮਦਨੀ ਵਾਲੇ ਵਿਅਕਤੀਆਂ ਲਈ ਸਿਹਤ ਦੇਖਭਾਲ ਸੇਵਾਵਾਂ ਪ੍ਰਦਾਨ ਕਰਦਾ ਹੈ। Medi-Cal ਵਿੱਚ ਦਾਖ਼ਲ ਸਭ ਬੱਚਿਆਂ, ਫੋਸਟਰ ਕੇਅਰ ਵਿੱਚ ਬੱਚਿਆਂ ਅਤੇ 26 ਸਾਲ ਤੱਕ ਦੇ ਨੌਜਵਾਨ ਫੋੋਰਮਰ ਫੋਸਟਰ, ਗਰਭਵਤੀ ਔਰਤ, ਅਤੇ ਅੰਨ੍ਹੇ ਜਾਂ ਅਪੰਗ ਵਿਅਕਤੀਆਂ ਕੋਲ ਪੂਰੀ ਗੁੰਜਾਇਸ਼ ਹੁੰਦੀ ਹੈ।

ਪਛਾਣ: ਕੁਝ ਅਜਿਹਾ ਦੱਸਦਾ ਹੈ ਜੋ ਸਾਬਿਤ ਕਰਦਾ ਹੈ ਕਿ ਵਿਅਕਤੀ ਕੌਣ ਹੈ, ਜਿਵੇਂ ਕਿ ਡਰਾਈਵਰ ਦਾ ਲਾਇਸੰਸ।

ਸੀਮਾਵਾਂ: ਮਨਜ਼ੂਰ ਸੇਵਾਵਾਂ ਦੀ ਗਿਣਤੀ, ਮਨਜ਼ੂਰ ਸੇਵਾ ਦੀ ਕਿਸਮ, ਅਤੇ/ਜਾਂ ਸਭ ਤੋਂ ਵਾਜਬ ਡੈਂਟਲ ਤੌਰ 'ਤੇ ਉੱਚਿਤ ਸੇਵਾ ਦਾ ਸੰਦਰਭ ਦਿੰਦਾ ਹੈ।

ਮੈਡੀਕਲੀ ਲੋੜੀਂਦਾ: ਕਵਰ ਕੀਤੀਆਂ ਗਈਆਂ ਉਹ ਸੇਵਾਵਾਂ ਜੋ ਦੰਦ, ਮਸੂੜੇ ਅਤੇ ਸਹਾਇਕ ਢਾਂਚੇ ਦੇ ਇਲਾਜ ਲਈ ਜ਼ਰੂਰੀ ਹੁੰਦੀਆਂ ਹਨ ਅਤੇ ਉਹ : (a) ਅਭਿਆਸ ਦੇ ਪੇਸ਼ੇਵਰ ਪ੍ਰਮਾਣਿਕਤਾ ਮਾਪਦੰਡਾਂ ਦੇ ਅਨੁਸਾਰ ਪ੍ਰਦਾਨ ਕੀਤੀਆਂ ਜਾਂਦੀਆਂ ਹਨ; (b) ਦੰਦ ਦੀ ਸਥਿਤੀ ਦੇ ਅਨੁਸਾਰ ਹੋਣ ਵਾਲਾ ਇਲਾਜ ਦੰਦਾਂ ਦੇ ਡਾਕਟਰ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ; (c) ਸੰਭਾਵਿਤ ਜੋਖਿਮ, ਲਾਭ ਅਤੇ ਕਵਰ ਕੀਤੀਆਂ ਸੇਵਾਵਾਂ ਜੋ ਵਿਕਲਪਿਕ ਹਨ ਨੂੰ ਵਿਚਾਰਦੇ ਹੋਏ ਇਹ ਉਚਿਤ ਕਿਸਮ, ਸਪਲਾਈ ਅਤੇ ਸੇਵਾ ਦਾ ਪੱਧਰ ਹਨ।

ਹੋਰ ਹੈਲਥ ਕਵਰੇਜ / ਹੋਰ ਹੈਲਥ ਇੰਸ਼ੋਰੈਂਸ: ਡੈਂਟਲ ਸਬੰਧੀ ਸੇਵਾਵਾਂ ਲਈ ਕਵਰੇਜ ਤੁਹਾਡੇ ਕੋਲ ਕਿਸੇ ਵੀ ਨਿੱਜੀ ਡੈਂਟਲ ਪਲਾਨ, ਕਿਸੇ ਵੀ ਇੰਸ਼ੋਰੈਂਸ ਪ੍ਰੋਗਰਾਮ, ਕਿਸੇ ਹੋਰ ਰਾਜ ਜਾਂ ਫੈਡਰਲ ਡੈਂਟਲ ਕੇਅਰ ਪ੍ਰੋਗਰਾਮ, ਜਾਂ ਹੋਰ ਸੰਵਿਧਾਨਕ ਜਾਂ ਕਨੂੰਨੀ ਹੱਕਦਾਰਤਾ ਦੇ ਤਹਿਤ ਹੋ ਸਕਦੀ ਹੈ।

ਮੂੰਹ ਦੀ ਸਰਜਰੀ: ਇੱਕ ਡੈਂਟਲ ਮਾਹਿਰ ਜੋ ਮੂੰਹ, ਜਬਾੜੇ ਅਤੇ ਚਿਹਰੇ ਦੀ ਬੀਮਾਰੀਆਂ, ਸੱਟਾਂ, ਵਿਕਾਰਾਂ, ਦੋਸ਼ਾਂ ਅਤੇ ਮੌਜੂਦ ਨਿਦਾਨ ਅਤੇ ਸਰਜੀਕਲ ਇਲਾਜ ਕਰਨ ਲਈ ਆਪਣਾ ਇਲਾਜ ਸੀਮਿਤ ਕਰਦਾ ਹੈ।

ਓਰਥੋਡੋਨਟਿਸਟ: ਇੱਕ ਡੈਂਟਲ ਮਾਹਿਰ ਜੋ ਉੱਪਰਲੇ ਅਤੇ ਹੇਠਲੇ ਦੰਦਾਂ ਨੂੰ ਕੱਟਣ ਅਤੇ ਚਬਾਉਣ ਵਿੱਚ ਇਕੱਠਿਆਂ ਫਿੱਟ ਕਰਨ ਦੇ ਤਰੀਕੇ ਵਿੱਚ ਸਮੱਸਿਆ ਦਾ ਨਿਵਾਰਨ ਅਤੇ ਇਲਾਜ ਕਰਨ ਲਈ ਅਭਿਆਸ ਸੀਮਿਤ ਕਰਦਾ ਹੈ।

ਪੈਡੀਐਟ੍ਰਿਕ ਦੰਦਾਂ ਦਾ ਡਾਕਟਰ: ਇੱਕ ਡੈਂਟਲ ਮਾਹਿਰ ਜੋ ਬੱਚਿਆਂ ਨੂੰ ਜਨਮ ਤੋਂ ਜਵਾਨੀ ਤੱਕ ਪ੍ਰਾਇਮਰੀ ਅਤੇ ਪ੍ਰਤੀਬੰਧਿਤ ਦੇਖਭਾਲ ਇਲਾਜ ਦੀ ਫੁਲ ਰੇਂਜ ਪ੍ਰਦਾਨ ਕਰਨ ਦੁਆਰਾ ਉਸ ਦੇ ਇਲਾਜ ਲਈ ਅਭਿਆਸ ਨੂੰ ਸੀਮਿਤ ਕਰਦਾ ਹੈ।

ਪੈਰੀਡੋਂਟਿਸਟ: ਇੱਕ ਡੈਂਟਲ ਮਾਹਿਰ ਜੋ ਦੰਦਾਂ ਦੇ ਨੇੜੇ-ਤੇੜੇ ਮਸੂੜਿਆਂ ਅਤੇ ਉੱਤਕਾਂ ਦੀਆਂ ਬੀਮਾਰੀਆਂ ਦੇ ਇਲਾਜ ਲਈ ਆਪਣੇ ਅਭਿਆਸ ਨੂੰ ਸੀਮਿਤ ਕਰਦਾ ਹੈ।

ਗਰਭ ਅਵਸਤਾ ਸਬੰਧੀ: ਗਰਭ-ਅਵਸਥਾ ਨਾਲ ਸਬੰਧਿਤ ਸੇਵਾਵਾਂ ਉਸ ਦਿਨ ਤੋਂ ਉਪਲਬਧ ਹੁੰਦੀਆਂ ਹਨ ਜਦੋਂ ਗਰਭਅਵਸਥਾ ਮੈਡੀਕਲ ਤੌਰ 'ਤੇ ਸਥਾਪਿਤ ਹੁੰਦੀਆਂ ਹਨ ਅਤੇ ਗਰਭਅਵਸਥਾ ਨੂੰ ਸਮਾਪਤ ਹੋਣ ਦੇ 60 ਦਿਨਾਂ ਦੀ ਮਿਆਦ ਦੇ ਅੰਤ ਤੱਕ ਉਸ ਮਹੀਨੇ ਦੇ ਅੰਤ ਤੱਕ ਵਧਾ ਦਿੱਤੀ ਜਾਂਦੀ ਹੈ। ਤੁਹਾਡੇ ਸਹਾਇਤਾ ਕੋਡ ਅਤੇ/ਜਾਂ ਲਾਭਾਂ ਦੇ ਦਾਇਰੇ ਦੇ ਬਾਵਜੂਦ, ਤੁਸੀਂ ਕਵਰ ਕੀਤੀਆਂ ਕੋਈ ਵੀ ਡੈਂਟਲ ਪ੍ਰਕਿਰਿਆਵਾਂ ਨੂੰ ਪ੍ਰਾਪਤ ਕਰਨ ਦੇ ਯੋਗ ਹੁੰਦੇ ਹੋ ਜਦੋਂ ਤੱਕ ਹੋਰ ਸਭ ਪ੍ਰਕਿਰਿਆ ਜ਼ਰੂਰਤਾਂ ਅਤੇ ਮਾਪਦੰਡਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਹੈ।

ਪੂਰਵ ਪ੍ਰਮਾਣੀਕਰਨ: ਇੱਕ ਦੰਦਾਂ ਦੇ ਡਾਕਟਰ ਦੁਆਰਾ ਕੀਤੇ ਜਾਣ ਤੋਂ ਪਹਿਲਾਂ ਸੇਵਾਵਾਂ ਨੂੰ ਮਨਜ਼ੂਰੀ ਦੇਣ ਦੀ ਬੇਨਤੀ। ਦੰਦਾਂ ਦੇ ਡਾਕਟਰਾਂ ਨੂੰ ਮਨਜ਼ੂਰ ਕੀਤੀਆਂ ਸੇਵਾਵਾਂ ਲਈ Denti-Cal ਤੋਂ ਪ੍ਰਮਾਣਿਕਤਾ ਦਾ ਨੋਟਿਸ (NOA) ਪ੍ਰਾਪਤ ਹੁੰਦਾ ਹੈ।

ਪ੍ਰੋਸਟਹੋਡੋਨੀਟਿਸਟ: ਇੱਕ ਡੈਂਟਲ ਮਾਹਿਰ ਜੋ ਦੰਦਾਂ, ਬ੍ਰਿੱਜਾਂ ਅਤੇ ਬਣਾਉਟੀ ਦੰਦਾਂ ਦੇ ਨਾਲ ਲੁਪਤ ਦੰਦਾਂ ਦੇ ਪ੍ਰਤੀਸਥਾਪਨ ਕਰਨ ਲਈ ਆਪਣੇ ਅਭਿਆਸ ਨੂੰ ਸੀਮਿਤ ਕਰਦਾ ਹੈ।

ਪ੍ਰਦਾਤਾ: Medi-Cal ਲਾਭਪਾਤਰੀਆਂ ਨੂੰ ਸਿਹਤ ਦੇਖਭਾਲ ਅਤੇ/ਜਾਂ ਡੈਂਟਲ ਸੇਵਾਵਾਂ ਪ੍ਰਦਾਨ ਕਰਨ ਲਈ Medi-Cal ਪ੍ਰੋਗਰਾਮ ਵਿੱਚ ਨਾਮਜ਼ਦ ਕੀਤਾ ਇੱਕ ਵਿਅਕਤੀਗਤ ਦੰਦਾਂ ਦਾ ਡਾਕਟਰ, ਵਿਕਲਪਿਕ ਅਭਿਆਸ ਵਿੱਚ ਪੰਜੀਕਿਰਤ ਕੀਤਾ ਡੈਂਟਲ ਹੈਈਜਿਨਿਸਟ, ਡੈਂਟਲ ਗਰੁੱਪ, ਡੈਂਟਲ ਸਕੂਲ ਜਾਂ ਡੈਂਟਲ ਕਲੀਨਿਕ ਹੁੰਦਾ ਹੈ।

ਪ੍ਰਤੀਬੰਧਿਤ ਸਕੋਪ: ਸਿਰਫ਼ ਆਪਾਤਕਾਲੀ ਸੇਵਾਵਾਂ ਲਈ ਸੀਮਿਤ।

ਲਾਗਤ ਦਾ ਹਿੱਸਾ: Medi-Cal ਦਾ ਭੁਗਤਾਨ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਨੂੰ ਸਿਹਤ ਜਾਂ ਡੈਂਟਲ ਲਈ ਜੋ ਰਕਮ ਦਾ ਭੁਗਤਾਨ ਕਰਨਾ ਹੋਵੇਗਾ ਜਾਂ ਭੁਗਤਾਨ ਕਰਨ ਦਾ ਵਾਅਦਾ ਕੀਤਾ ਹੈ।

ਜ਼ਰੂਰਤਾਂ: ਉਸ ਚੀਜ਼ ਨੂੰ ਸੰਦਰਭਿਤ ਕਰਦਾ ਹੈ ਜੋ ਤੁਹਾਨੂੰ ਕਰਨਾ ਚਾਹੀਦਾ ਹੈ ਜਾਂ ਨਿਯਮਾਂ ਦਾ ਪਾਲਨ ਕਰਨਾ ਚਾਹੀਦਾ ਹੈ।

ਜ਼ੁੰਮੇਵਾਰੀ: ਉਸ ਚੀਜ਼ ਨੂੰ ਸੰਦਰਭਿਤ ਕਰਦੀ ਹੈ ਜੋ ਤੁਹਾਨੂੰ ਕਰਨੀ ਚਾਹੀਦੀ ਹੈ, ਜਾਂ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

ਸਟੇਟ ਹੀਅਰਿੰਗ: ਸਟੇਟ ਹੀਅਰਿੰਗ ਇੱਕ ਕਨੂੰਨੀ ਪ੍ਰਕਿਰਿਆ ਹੈ ਜੋ ਲਾਭਪਾਤਰੀਆਂ ਨੂੰ ਕਿਸੇ ਵੀ ਇਨਕਾਰ ਕੀਤੇ ਜਾਂ ਸੋਧੇ ਗਏ ਇਲਾਜ ਪ੍ਰਮਾਣੀਕਰਨ ਬੇਨਤੀ ਦੀ ਬੇਨਤੀ ਕਰਨ ਦੀ ਅਨੁਮਤੀ ਦਿੰਦੀ ਹੈ। ਇਹ ਲਾਭਪਾਤਰੀ ਜਾਂ ਦੰਦਾਂ ਦੇ ਡਾਕਟਰ ਨੂੰ ਮੁੜ-ਮੁਲਾਂਕਣ ਕਰਨ ਜਾਂ ਕੇਸ ਮੁੜ-ਵਾਪਿਸ ਲੈਣ ਦੀ ਆਗਿਆ ਦਿੰਦੀ ਹੈ।

ਇਲਾਜ ਪ੍ਰਮਾਣੀਕਰਨ ਬੇਨਤੀ: ਇਲਾਜ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਕਵਰ ਕੀਤੀਆਂ ਸੇਵਾਵਾਂ ਦੀ ਮਨਜ਼ੂਰੀ ਲਈ Denti-Cal ਦੰਦਾਂ ਦੇ ਡਾਕਟਰ ਦੁਆਰਾ ਸਪੁਰਦ ਕੀਤੀ ਬੇਨਤੀ ਹੁੰਦੀ ਹੈ। ਕੁਝ ਸੇਵਾਵਾਂ ਅਤੇ ਖਾਸ ਸਥਿਤੀਆਂ ਦੇ ਤਹਿਤ ਇੱਕ ਇਲਾਜ ਪ੍ਰਮਾਣੀਕਰਨ ਬੇਨਤੀ ਦੀ ਲੋੜ ਹੁੰਦੀ ਹੈ।

ਤੁਹਾਡੇ ਅਧਿਕਾਰ ਅਤੇ ਜ਼ੁੰਮੇਵਾਰੀਆਂ

Medi-Cal ਪ੍ਰੋਗਰਾਮ ਦੇ ਤਹਿਤ ਮੇਰੇ ਅਧਿਕਾਰ ਅਤੇ ਜ਼ੁੰਮੇਵਾਰੀਆਂ ਕੀ ਹਨ?

ਜਦੋਂ ਤੁਸੀਂ Medi-Cal ਲਈ ਬੇਨਤੀ ਕਰਦੇ ਹੋ, ਤਾਂ ਤੁਹਾਨੂੰ ਆਪਣੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਦੀ ਇੱਕ ਸੂਚੀ ਪ੍ਰਾਪਤ ਹੋਵੇਗੀ। ਇਸ ਵਿੱਚ ਪਤੇ, ਆਮਦਨੀ, ਜਾਂ ਜੇਕਰ ਕੋਈ ਗਰਭਵਤੀ ਹੈ ਜਾਂ ਜਨਮ ਦੇਣਾ ਚਾਹੁੰਦੀ ਹੈ ਵਿੱਚ ਬਦਲਾਅ ਦੀ ਰਿਪੋਰਟ ਦੀ ਜ਼ਰੂਰਤ ਸ਼ਾਮਲ ਹੁੰਦਾ ਹੈ। ਤੁਸੀਂ ਹੇਠਾਂ ਆਪਣੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਦੀ ਤਾਜ਼ੀ ਸੂਚੀ ਵੇਖ ਸਕਦੇ ਹੋ: http://www.dhcs.ca.gov/services/medi-cal/Pages/Medi-CalFairHearing.aspx ਤੁਸੀਂ http://www.dhcs.ca.gov/Pages/Language_Access.aspx 'ਤੇ ਗੈਰ-ਪੱਖਪਾਤੀ ਨੀਤੀ ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਦਾ ਵੀ ਪਤਾ ਲਾ ਸਕਦੇ ਹੋ।

ਤੁਹਾਨੂੰ ਇਹ ਕਰਨ ਦਾ ਅਧਿਕਾਰ ਹੈ:

- ਸਨਮਾਨ ਅਤੇ ਨਿਮਰਤਾ ਨਾਲ ਵਿਹਾਰ ਕੀਤੇ ਜਾਣ
- ਆਪਣੀ ਪਸੰਦ ਦੇ ਨਾਮਜ਼ਦ ਦੰਦਾਂ ਦੇ ਡਾਕਟਰ ਦੁਆਰਾ Medi-Cal ਪ੍ਰੋਗਰਾਮ ਦੇ ਲਾਭ ਵਜੋਂ ਪ੍ਰਾਪਤ ਕਰਨ ਲਈ ਯੋਗ ਡੈਂਟਲ ਸੇਵਾਵਾਂ ਪ੍ਰਾਪਤ ਕਰਨ
- ਸਮੇਂ ਦੀ ਸਹੂਲੀਅਤ ਅਨੁਸਾਰ ਮੁਲਾਕਾਤਾਂ ਪ੍ਰਾਪਤ ਕਰਨ

- ਉੱਚਿਤ ਜਾਂ ਮੈਡੀਕਲੀ ਤੌਰ 'ਤੇ ਜ਼ਰੂਰੀ ਇਲਾਜ ਵਿਕਲਪਾਂ ਸਮੇਤ ਤੁਹਾਡੀਆਂ ਡੈਂਟਲ ਕੇਅਰ ਜ਼ਰੂਰਤਾਂ ਬਾਰੇ ਵਾਰਤਾਵਾਂ ਅਤੇ ਨਿਰਣਿਆਂ ਵਿੱਚ ਹਿੱਸਾ ਲੈਣ
- ਤੁਹਾਡੇ ਡੈਂਟਲ ਰਿਕਾਰਡਾਂ ਨੂੰ ਗੁਪਤ ਰੱਖਣ। ਇਸ ਤੋਂ ਭਾਵ ਹੈ ਕਿ ਅਸੀਂ ਤੁਹਾਡੀ ਲਿਖਤੀ ਇਜਾਜ਼ਤ ਜਾਂ ਕਨੂੰਨ ਦੁਆਰਾ ਮਨਜ਼ੂਰੀ ਦਿੱਤੇ ਜਾਣ ਤੱਕ ਤੁਹਾਡੀ ਡੈਂਟਲ ਕੇਅਰ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ ਹਾਂ
- Denti-Cal ਬਾਰੇ ਚਿੰਤਾਵਾਂ, ਜਾਂ ਤੁਹਾਨੂੰ ਪ੍ਰਾਪਤ ਡੈਂਟਲ ਸੇਵਾਵਾਂ ਬਾਰੇ ਸਾਨੂੰ ਦੱਸੋ
- Denti-Cal, ਉਪਲਬਧ ਸੇਵਾਵਾਂ ਅਤੇ ਦੰਦਾਂ ਦੇ ਡਾਕਟਰਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ
- ਆਪਣੇ ਡੈਂਟਲ ਰਿਕਾਰਡ ਵੇਖੋ
- ਆਪਣੇ ਲਈ ਬਿਨਾਂ ਕਿਸੇ ਲਾਗਤ 'ਤੇ ਦੁਭਾਸ਼ੀਏ ਦੀ ਬੇਨਤੀ ਕਰੋ
- ਉਹਨਾਂ ਦੁਭਾਸ਼ੀਆਂ ਦੀ ਵਰਤੋਂ ਕਰੋ ਜੋ ਤੁਹਾਡੇ ਪਰਿਵਾਰਕ ਮੈਂਬਰ ਜਾਂ ਮਿੱਤਰ ਨਹੀਂ ਹਨ
- ਸ਼ਿਕਾਇਤ ਦਾਇਰ ਕਰੋ ਜੇਕਰ ਤੁਹਾਡੀਆਂ ਭਾਸ਼ਾਈ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ

ਤੁਹਾਡੀਆਂ ਜ਼ੁੰਮੇਵਾਰੀਆਂ ਇਹ ਹਨ:

- ਆਪਣੇ ਦੰਦਾਂ ਦੇ ਡਾਕਟਰਾਂ ਅਤੇ Medi-Cal ਸਹੀ ਜਾਣਕਾਰੀ ਦੇਣਾ
- ਆਪਣੇ ਦੰਦਾਂ ਦੇ ਡਾਕਟਰ ਦੇ ਨਾਲ ਆਪਣੀਆਂ ਡੈਂਟਲ ਸਮੱਸਿਆ(ਵਾਂ) ਨੂੰ ਸਮਝਣਾ ਅਤੇ ਆਪਣੇ ਦੰਦਾਂ ਦੇ ਡਾਕਟਰ ਨਾਲ ਜਿੰਨਾ ਜਲਦੀ ਹੋ ਸਕੇ ਇਸ ਦੇ ਇਲਾਜ ਸਬੰਧੀ ਟੀਚਿਆਂ ਨੂੰ ਵਿਕਸਿਤ ਕਰਨ ਲਈ ਹਿੱਸਾ ਲੈਣਾ
- ਸੇਵਾਵਾਂ ਪ੍ਰਾਪਤ ਕਰਨ ਦੌਰਾਨ ਹਮੇਸ਼ਾ ਆਪਣਾ ਲਾਭਪਾਤਰੀ ਪਛਾਣ ਕਾਰਡ ਵਿਖਾਉਣਾ
- ਕਿਸੇ ਡੈਂਟਲ ਸਥਿਤੀ ਬਾਰੇ ਸਵਾਲ ਪੁੱਛੋ ਅਤੇ ਯਕੀਨੀ ਬਣਾਓ ਕਿ ਸਪੱਸ਼ਟੀਕਰਨ ਅਤੇ ਨਿਰਦੇਸ਼ ਤੁਹਾਡੇ ਲਈ ਸਪੱਸ਼ਟ ਹਨ
- ਡੈਂਟਲ ਮੁਲਾਕਾਤਾਂ ਬਣਾਓ ਅਤੇ ਰੱਖੋ। ਜੇਕਰ ਤੁਸੀਂ ਕੋਈ ਮੁਲਾਕਾਤ ਨੂੰ ਰੱਦ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਦੰਦਾਂ ਦੇ ਡਾਕਟਰ ਨੂੰ ਘੱਟੋ-ਘੱਟ ਚੌਵੀ ਘੰਟੇ (24) ਪਹਿਲਾਂ ਸੂਚਿਤ ਕਰਨਾ ਚਾਹੀਦਾ ਹੈ
- ਪਤੇ, ਪਰਿਵਾਰਕ ਸਥਿਤੀ ਅਤੇ ਹੋਰ ਸਿਹਤ ਸੰਭਾਲ ਕਵਰੇਜ ਵਿੱਚ ਬਦਲਾਅ ਬਾਰੇ ਸਮੇਂ ਅਨੁਸਾਰ ਜਾਣਕਾਰੀ ਪ੍ਰਦਾਨ ਕਰਨ ਦੁਆਰਾ ਸਟੀਕ ਅਤੇ ਸਹੀ ਮੈਡੀਕਲ ਰਿਕਾਰਡ ਬਣਾਈ ਰੱਖਣ ਵਿੱਚ Denti-Cal ਦੀ ਮਦਦ ਕਰਨਾ
- ਇੱਕ ਦੰਦਾਂ ਦੇ ਡਾਕਟਰ ਤੋਂ ਗਲਤੀ ਨਾਲ ਬਿੱਲ ਭੇਜੇ ਜਾਣ ਜਾਂ ਜੇਕਰ ਤੁਹਾਡੀ ਕੋਈ ਸ਼ਿਕਾਇਤ ਹੈ ਬਾਰੇ ਜਲਦੀ ਤੋਂ ਜਲਦੀ Denti-Cal ਨੂੰ ਸੂਚਿਤ ਕਰੋ

- ਸਭ Denti-Cal ਕਰਮਚਾਰੀਆਂ ਅਤੇ ਦੰਦਾਂ ਦੇ ਡਾਕਟਰਾਂ ਨਾਲ ਸਨਮਾਨਪੂਰਵਕ ਅਤੇ ਨਿਮਰਤਾ ਨਾਲ ਵਿਹਾਰ ਕਰਨਾ

ਤੁਹਾਡੀ ਗੋਪਨੀਯਤਾ ਸਾਡੇ ਲਈ ਮਹੱਤਵਪੂਰਨ ਹੈ

ਇਹ ਭਾਗ ਦੱਸਦਾ ਹੈ ਕਿ ਮੈਡੀਕਲ ਜਾਣਕਾਰੀ ਨੂੰ ਕਿਵੇਂ ਵਰਤਿਆ ਅਤੇ ਇਸ ਦਾ ਖੁਲਾਸਾ ਕਿਵੇਂ ਕੀਤਾ ਜਾਂਦਾ ਹੈ ਬਾਰੇ ਜਾਣਕਾਰੀ ਕਿਵੇਂ ਪ੍ਰਾਪਤ ਕਰਨੀ ਹੈ। ਇਹ ਵੀ ਵਰਣਨ ਕਰਦਾ ਹੈ ਕਿ ਤੁਸੀਂ ਆਪਣੀ ਜਾਣਕਾਰੀ ਤੱਕ ਕਿਵੇਂ ਪਹੁੰਚ ਸਕਦੇ ਹੋ।

ਗੋਪਨੀਯਤਾ ਪ੍ਰਚਲਨਾਂ ਦਾ ਨੋਟਿਸ

ਡਿਪਾਰਟਮੈਂਟ ਔਫ਼ ਹੈਲਥ ਕੇਅਰ ਸਰਵਿਸਿਜ਼ ਤੁਹਾਨੂੰ ਤੁਹਾਡੇ Medi-Cal ਸਵਾਗਤ ਪੈਕੇਟ ਦੇ ਹਿੱਸੇ ਵਜੋਂ ਗੋਪਨੀਯਤਾ ਪ੍ਰਚਲਨਾਂ ਦਾ ਨੋਟਿਸ ਭੇਜਦਾ ਹੈ। ਤੁਸੀਂ http://dhcs.ca.gov/privacyoffice 'ਤੇ ਜਾਣ ਦੁਆਰਾ ਔਨਲਾਈਨ ਕਾਪੀ 'ਤੇ ਵੀ ਪਹੁੰਚ ਕਰ ਸਕਦੇ ਹੋ। ਇਹ ਨੋਟਿਸ ਤੁਹਾਡੇ ਅਧਿਕਾਰਾਂ ਅਤੇ ਤੁਹਾਡੀ ਸਿਹਤ ਜਾਣਕਾਰੀ ਬਾਰੇ ਪਸੰਦ ਨੂੰ ਪਰਿਭਾਸ਼ਿਤ ਕਰਦਾ ਹੈ।

ਮੈਂ ਕਿਵੇਂ ਵੇਖ ਸਕਦਾ/ਸਕਦੀ ਹਾਂ ਕਿ Denti-Cal ਕੋਲ ਮੇਰੇ ਬਾਰੇ ਕਿਹੜੀ ਜਾਣਕਾਰੀ ਰੱਖਿਅਤ ਕੀਤੀ ਹੋਈ ਹੈ?

ਤੁਹਾਨੂੰ ਉਹ ਰੱਖਿਅਤ ਕੀਤੀ ਸਿਹਤ ਜਾਣਕਾਰੀ ਵੇਖਣ ਲਈ ਬੇਨਤੀ ਕਰਨ ਦਾ ਅਧਿਕਾਰ ਹੋ ਜੋ Denti-Cal ਬਣਾਈ ਰੱਖਦਾ ਹੈ। ਤੁਹਾਨੂੰ ਇਹਨਾਂ ਰਿਕਾਰਡਾਂ ਦੀ ਕਾਪੀ ਲੈਣ ਲਈ ਬੇਨਤੀ ਕਰਨ ਦਾ ਅਧਿਕਾਰ ਵੀ ਹੈ। ਤੁਹਾਡੇ ਤੋਂ ਰਿਕਾਰਡਾਂ ਦੀ ਕਾਪੀ ਕਰਨ ਅਤੇ ਡਾਕ ਰਾਹੀਂ ਭੇਜਣ ਦਾ ਖਰਚਾ ਵਸੂਤਿਆ ਜਾ ਸਕਦਾ ਹੈ। ਸਾਨੂੰ ਤੁਹਾਡੀ ਬੇਨਤੀ ਪ੍ਰਾਪਤ ਹੋਣ 'ਤੇ ਤੁਹਾਨੂੰ 30 ਦਿਨਾਂ ਦੇ ਅੰਦਰ ਪ੍ਰਤੀਕਿਰਿਆ ਪ੍ਰਾਪਤ ਹੋ ਜਾਵੇਗੀ।

ਤੁਹਾਨੂੰ ਆਪਣੇ ਕੈਲੀਫੋਰਨੀਆ ਦ ਡਰਾਈਵਿੰਗ ਲਾਇਲਸੰਸ, DMV ਪਛਾਣ ਕਾਰਡ, ਜਾਂ ਕੋਈ ਹੋਰ ਪਛਾਣ ਜੋ ਤੁਹਾਡੀ ਪਛਾਣ ਨੂੰ ਸਾਬਿਤ ਕਰਸ ਕਦੇ ਸਾਨੂੰ ਉਸ ਦੀ ਇੱਕ ਕਾਪੀ ਭੇਜਣੀ ਹੋਵੇਗੀ। ਤੁਹਾਨੂੰ ਆਪਣੇ ਪਤੇ ਦੀ ਪੁਸ਼ਟੀ ਕਰਨ ਲਈ ਵੀ ਦਸਤਾਵੇਜ਼ ਪੁਸ਼ਟੀਕਕਰਨ ਭੇਜਣ ਦੀ ਲੋੜ ਹੋਵੇਗੀ।

ਤੁਸੀਂ TSC ਨੂੰ ਕਾਲ ਕਰਨ ਦੁਆਰਾ ਬੇਨਤੀ ਪ੍ਰਾਪਤ ਕਰ ਸਕਦੇ ਹੋ ਜਾਂ ਇਸ ਰਾਹੀਂ ਔਨਲਾਈਨ ਫਾਰਮ ਭਰ ਅਤੇ ਪ੍ਰਿੰਟ ਪ੍ਰਾਪਤ ਕਰ ਸਕਦੇ ਹੋ:

1. www.denti-cal.ca.gov 'ਤੇ ਜਾਓ।
2. ਵੈੱਬਪੰਨੇ ਦੇ ਸਿਖਰ 'ਤੇ **ਲਾਭਪਾਤਰੀ** ਟੈਬ 'ਤੇ ਕਲਿੱਕ ਕਰੋ।
3. **Denti-Cal (ਸੇਵਾ-ਲਈ-ਫੀਸ)** 'ਤੇ ਕਲਿੱਕ ਕਰੋ।
4. **ਫਾਰਮ** 'ਤੇ ਕਲਿੱਕ ਕਰੋ।
5. **ਵਿਅਕਤੀਗਤ ਸਿਹਤ ਜਾਣਕਾਰੀ ਬੇਨਤੀ ਫਾਰਮ Denti-Cal** ਤੋਂ ਫਾਰਮ ਚੁਣੋ।

ਫਾਰਮ ਪੂਰਾ ਕਰਕੇ ਆਪਣੀ ਪਛਾਣ ਦੇ ਨਾਲ ਇਸ ਨੂੰ ਭੇਜੋ:

ਪੱਤਰ-ਵਿਹਾਰ ਵਿਸ਼ੇਸ਼ੱਗ

c/o Delta Dental of California
P.O. Box 15539
Sacramento, CA 95852-1539
1-800-322-6384

ਧਿਆਨ ਦਿਓ: ਰੱਖਿਅਤ ਕੀਤੀ ਜਾਣਕਾਰੀ ਤੱਕ ਪਹੁੰਚਣ ਦੀ ਕੋਈ ਵੀ ਕੋਸ਼ਿਸ਼ ਕਨੂੰਨੀ ਜੁਰਮਾਨਿਆਂ ਦੇ ਅਧੀਨ ਹੈ।

Denti-Cal ਤੁਹਾਡੇ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਜਾਣਕਾਰੀ ਨੂੰ ਰੱਖਿਅਤ ਕਰਨ ਲਈ ਵਚਨਬੱਧ ਹੈ। ਅਣ-ਅਧਿਕਾਰਿਤ ਜਾਂ ਖੁਲਾਸਾ ਪ੍ਰਤੀਬੰਧਿਤ ਕਰਨ ਲਈ, ਡੇਟਾ ਸਟੀਕਤਾ ਬਣਾਈ ਰੱਖਣ ਲਈ, ਅਤੇ ਜਾਣਕਾਰੀ ਦੀ ਵਰਤੋਂ ਉਚਿਤਤਾ ਨੂੰ ਯਕੀਨੀ ਬਣਾਉਣ ਲਈ, ਸਾਡੇ ਦੁਆਰਾ ਇਕੱਤਰ ਕੀਤੀ ਜਾਣ ਸੁਰੱਖਿਆ ਜਾਣਕਾਰੀ ਲਈ Denti-Cal ਕੋਲ ਉਚਿਤ ਭੌਤਿਕ ਅਤੇ ਪ੍ਰਬੰਧਕੀ ਪ੍ਰਕਿਰਿਆਵਾਂ ਹੁੰਦੀਆਂ ਹਨ।